# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 81 | 01/08/2025 | www.samajweekly.com | samajweekly | @samajweekly | samajweekly


# ਟਰੰਪ ਨੇ ਭਾਰਤ ਨੂੰ ਝਟਕਾ ਦੇਣ ਪਿੱਛੋਂ PAIKSTAN ਨਾਲ ਕੀਤਾ ਵੱਡਾ ਸਮਝੌਤਾ

## ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ, 'ਅਸੀਂ ਪਾਕਿਸਤਾਨ ਨਾਲ ਇਕ ਸਮਝੌਤੇ ਨੂੰ ਅੰਤਮ ਰੂਪ ਦੇ ਦਿਤਾ ਹੈ, ਜਿਸ ਦੇ ਤਹਿਤ ਅਮਰੀਕਾ ਅਤੇ ਪਾਕਿਸਤਾਨ ਸਾਂਝੇ ਤੌਰ 'ਤੇ ਉੱਥੇ ਵਿਸ਼ਾਲ ਤੇਲ ਭੰਡਾਰਾਂ ਨੂੰ ਵਿਕਸਤ ਕਰਨਗੇ

**ਨਵੀਂ ਦਿ.ਲੀ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੀ ਰਾਤ (ਸਥਾਨਕ ਸਮੇਂ ਅਨੁਸਾਰ) ਅਜਿਹਾ ਕਦਮ ਚੁੱਕਿਆ ਜਿਸ ਨੇ ਭਾਰਤ ਦੇ ਵਪਾਰਕ ਹਲਕਿਆਂ ਵਿਚ ਹਲਚਲ ਮਚਾ ਦਿਤੀ। ਇਕ ਪਾਸੇ, ਜਿੱਥੇ ਉਨ੍ਹਾਂ ਨੇ ਭਾਰਤ ਤੋਂ ਆਉਣ ਵਾਲੀਆਂ ਵਸਤਾਂ ਉਤੇ 25 ਫ਼ੀ ਸਦੀ ਟੈਰਿਫ਼ ਲਗਾਉਣ ਦਾ ਐਲਾਨ ਕੀਤਾ, ਉੱਥੇ ਕੁੱਝ ਘੰਟਿਆਂ ਬਾਅਦ ਪਾਕਿਸਤਾਨ ਨਾਲ ਇਕ ਵੱਡੇ ਸਮਝੌਤੇ ਦਾ ਐਲਾਨ ਕੀਤਾ ਹੈ। ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ, 'ਅਸੀਂ ਪਾਕਿਸਤਾਨ ਨਾਲ ਇਕ ਸਮਝੌਤੇ ਨੂੰ ਅੰਤਮ ਰੂਪ ਦੇ ਦਿਤਾ ਹੈ, ਜਿਸ ਦੇ ਤਹਿਤ ਅਮਰੀਕਾ ਅਤੇ ਪਾਕਿਸਤਾਨ ਸਾਂਝੇ ਤੌਰ 'ਤੇ ਉੱਥੇ ਵਿਸ਼ਾਲ ਤੇਲ ਭੰਡਾਰਾਂ ਨੂੰ ਵਿਕਸਤ ਕਰਨਗੇ। ਅਸੀਂ ਤੇਲ ਕੰਪਨੀ ਦੀ ਚੋਣ ਕਰ ਰਹੇ ਹਾਂ ਜੋ ਇਸ ਸਾਂਝੇਦਾਰੀ ਦੀ ਅਗਵਾਈ ਕਰੇਗੀ। ਸ਼ਾਇਦ ਇਕ ਦਿਨ ਪਾਕਿਸਤਾਨ ਵੀ ਭਾਰਤ ਨੂੰ ਤੇਲ ਵੇਚੇਗਾ।' ਦੱਸ ਦਈਏ ਕਿ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਨੇ 25 ਫ਼ੀ ਸਦੀ ਟੈਰਿਫ਼ ਦੇ ਨਾਲ-ਨਾਲ ਭਾਰਤ ਉਤੇ ਵਾਧੂ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਇਸ ਪਿੱਛੇ ਅਮਰੀਕਾ ਦੇ ਵਪਾਰ ਘਾਟੇ ਅਤੇ ਭਾਰਤ ਵਲੋਂ ਰੂਸੀ ਤੇਲ ਖ਼ਰੀਦਣ ਨੂੰ ਕਾਰਨ ਦਸਿਆ। ਉਨ੍ਹਾਂ ਨੇ ਅਪਣੀ ਪੋਸਟ ਵਿਚ ਇਹ ਵੀ ਦਾਅਵਾ ਕੀਤਾ ਕਿ ਕਈ ਵਿਸ਼ਵ ਨੇਤਾ ਹੁਣ ਅਮਰੀਕਾ ਨੂੰ ਖ਼ੁਸ਼ ਕਰਨ ਲਈ



ਵਪਾਰਕ ਸਮਝੌਤਿਆਂ ਦੀ ਪੇਸ਼ਕਸ਼ ਕਰ ਰਹੇ ਹਨ। ਉਨ੍ਹਾਂ ਲਿਖਿਆ, 'ਅੱਜ ਵ੍ਹਾਈਟ ਹਾਊਸ ਵਿਚ ਅਸੀਂ ਕਈ ਵਪਾਰਕ ਸਮਝੌਤਿਆਂ 'ਤੇ ਕੰਮ ਕਰ ਰਹੇ ਹਾਂ। ਮੇਰੀ ਦਖਣੀ ਕੋਰੀਆ ਦੇ ਵਪਾਰਕ ਵਫ਼ਦ ਨਾਲ ਵੀ ਮੀਟਿੰਗ ਹੋਈ ਹੈ, ਜਿਸ 'ਤੇ ਇਸ ਵੇਲੇ 25 ਫ਼ੀ ਸਦੀ ਟੈਰਿਫ਼ ਹੈ। ਉਨ੍ਹਾਂ ਨੇ ਇਸ ਨੂੰ ਘਟਾਉਣ ਦਾ ਪ੍ਰਸਤਾਵ ਰੱਖਿਆ ਹੈ, ਜਿਸ 'ਤੇ ਮੈਂ ਵਿਚਾਰ ਕਰਾਂਗਾ।' ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸੌਦੇ ਦਾ ਮਤਲਬ ਹੈ ਕਿ ਅਮਰੀਕਾ ਅਤੇ ਪਾਕਿਸਤਾਨ, ਪਾਕਿਸਤਾਨ ਦੇ ਅੰਦਰ ਤੇਲ ਭੰਡਾਰ ਲੱਭਣ, ਕੱਢਣ ਅਤੇ ਵਿਕਸਤ ਕਰਨ ਲਈ ਮਿਲ ਕੇ ਕੰਮ ਕਰਨਗੇ। ਇਸ ਲਈ ਇਕ ਵੱਡੀ ਅਮਰੀਕੀ ਤੇਲ ਕੰਪਨੀ ਦੀ ਚੋਣ ਕੀਤੀ ਜਾਵੇਗੀ ਜੋ ਤਕਨਾਲੋਜੀ ਅਤੇ ਨਿਵੇਸ਼ ਪ੍ਰਦਾਨ ਕਰੇਗੀ, ਜਦਕਿ ਪਾਕਿਸਤਾਨ ਜ਼ਮੀਨ ਅਤੇ ਸਰੋਤ ਪ੍ਰਦਾਨ ਕਰੇਗਾ। ਦੋਵੇਂ ਦੇਸ਼ ਇਸ ਸਾਂਝੇਦਾਰੀ ਤੋਂ ਪੈਦਾ ਹੋਏ ਤੇਲ ਤੋਂ ਕਮਾਈ ਕਰਨਗੇ ਅਤੇ ਭਵਿੱਖ ਵਿਚ ਪਾਕਿਸਤਾਨ ਇਸ ਨੂੰ ਵੇਚ ਸਕਦਾ ਹੈ। ਟਰੰਪ ਨੇ ਅਪਣੀ ਪੋਸਟ ਵਿਚ ਇਹ ਵੀ ਦਸਿਆ ਕਿ ਉਨ੍ਹਾਂ ਕਈ ਮੁਲਕਾਂ ਦੇ ਆਗੂਆਂ ਨਾਲ ਵਪਾਰ ਸਮਝੌਤੇ 'ਤੇ ਚਰਚਾ ਕੀਤੀ ਹੈ, ਜੋ ਅਮਰੀਕਾ ਨੂੰ 'ਬੇਹੱਦ ਖ਼ੁਸ਼' ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ, "ਅਸੀਂ ਅੱਜ ਵ੍ਹਾਈਟ ਹਾਊਸ ਵਿਚ ਵਪਾਰ ਸਮਝੌਤਿਆਂ ਨੂੰ ਲੈ ਕੇ ਬਹੁਤ ਰੁੱਝੇ ਹੋਏ ਹਾਂ। ਮੈਂ ਕਈ ਮੁਲਕਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ, ਜੋ ਸਾਰੇ ਅਮਰੀਕਾ ਨੂੰ ਬਹੁਤ ਖ਼ੁਸ਼ ਕਰਨਾ ਚਾਹੁੰਦੇ ਹਨ। ਮੈਂ ਅੱਜ ਦੁਪਹਿਰ ਦਖਣੀ ਕੋਰਿਆਈ ਵਪਾਰਕ ਵਫ਼ਦ ਨੂੰ ਮਿਲਾਂਗਾ। ਦਖਣੀ ਕੋਰੀਆ 'ਤੇ ਇਸ ਸਮੇਂ 25 ਟੈਰਿਫ਼ ਹੈ, ਪਰ ਉਨ੍ਹਾਂ ਟੈਰਿਫ ਘੱਟ ਕਰਨ ਦੀ ਤਜਵੀਜ਼ ਦਿਤੀ ਹੈ। ਮੈਂ ਉਨ੍ਹਾਂ ਦੀ ਤਜਵੀਜ਼ ਨੂੰ ਸੁਣਨ ਲਈ ਬੇਕਰਾਰ ਹਾਂ।"

# ਤਕਨੀਕੀ ਖ਼ਰਾਬੀ ਕਾਰਨ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ 16 ਉਡਾਣਾਂ ਰੱਦ

**ਲੰਡਨ।** ਲੰਡਨ ਦੇ ਏਅਰ ਟ੍ਰੈਫਿਕ ਕੰਟਰੋਲ ਸਿਸਟਮ ਵਿੱਚ ਤਕਨੀਕੀ ਸਮੱਸਿਆਵਾਂ ਕਾਰਨ ਦੇ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਅੱਜ ਹੋਰ 16 ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਜਦਕਿ ਬੀਤੇ ਦਿਨ ਸੌ ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਸਨ ਤੇ ਕੁਝ ਦੇਰੀ ਨਾਲ ਚੱਲੀਆਂ ਸਨ। ਨੈਸ਼ਨਲ ਏਅਰ ਟ੍ਰੈਫਿਕ ਸਰਵਿਸਿਜ਼ ਨੇ ਦੱਸਿਆ ਕਿ ਇਸ ਤਕਨੀਕੀ ਨੁਕਸ ਨੂੰ ਠੀਕ ਕਰ ਦਿੱਤਾ ਗਿਆ ਹੈ। ਇਸ ਤਕਨੀਕੀ ਨੁਕਸ ਕਾਰਨ ਲੰਡਨ ਨੇੜੇ ਗੈਟਵਿਕ ਹਵਾਈ ਅੱਡੇ, ਸਕਾਟਲੈਂਡ ਦੇ ਐਡਿਨਬਰਗ ਹਵਾਈ ਅੱਡੇ ਅਤੇ ਕਈ ਹੋਰ ਥਾਵਾਂ ਤੇ ਵੀ ਉਡਾਣਾਂ ਪ੍ਰਭਾਵਿਤ ਹੋਈਆਂ। ਟਰਾਂਸਪੋਰਟ ਮੰਤਰੀ ਐਚ ਅਲੈਗਜ਼ੈਂਡਰ ਨੇ ਕਿਹਾ ਕਿ ਉਹ 'ਅਠਸ਼ ਦੇ ਮੁੱਖ ਕਾਰਜਕਾਰੀ ਮਾਰਟਿਨ ਰੋਲਫ ਨਾਲ ਮੁਲਾਕਾਤ ਕਰਨਗੇ ਤਾਂ ਕਿ ਇਹ ਸਮੱਸਿਆ ਮੁੜ ਨਾ ਆਵੇ। ਇਹ ਜਾਣਕਾਰੀ ਅਲੈਗਜ਼ੈਂਡਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਸਾਂਝੀ ਕੀਤੀ ਹੈ। ਹੀਥਰੋ ਦੀ ਵੈਬਸਾਈਟ ਅਨੁਸਾਰ ਬਰੱਸਲਜ਼ ਅਤੇ ਟੋਰਾਂਟੋ ਲਈ ਜਾਣ ਵਾਲੀਆਂ ਅਤੇ ਨਿਊਯਾਰਕ ਅਤੇ ਬਰਲਿਨ ਤੋਂ ਆਉਣ ਵਾਲੀਆਂ 16 ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਬਰਤਾਨੀਆ ਦਾ ਸਭ ਤੋਂ ਵੱਡਾ ਅਤੇ ਯੂਰਪ ਦਾ ਸਭ ਤੋਂ ਰੁਝੇਂਵਿਆਂ ਵਾਲਾ ਹਵਾਈ ਅੱਡਾ ਮਾਰਚ ਵਿੱਚ ਪਾਵਰ ਸਬ-ਸਟੇਸ਼ਨ ਵਿੱਚ ਅੱਗ ਦੀ ਲਪੇਟ ਵਿੱਚ ਆ ਗਿਆ ਸੀ। ਜ਼ਿਕਰਯੋਗ ਹੈ ਕਿ ਬੀਤੇ ਦੋ ਦਿਨ ਤੋਂ ਹਵਾਈ ਉਡਾਣਾਂ ਰੱਦ ਹੋਣ ਕਾਰਨ ਯਾਤਰੀਆਂ ਨੂੰ ਖਾਸੀ ਪ੍ਰੇਸ਼ਾਨੀ ਹੋਈ।

# ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਦੀ ਆਰਥਿਕਤਾ ਮਰੀ ਹੋਈ ਹੈ : ਰਾਹੁਲ ਗਾਂਧੀ

**ਨਵੀਂ ਦਿੱਲੀ।** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਇੱਕ ਮਰੀ ਹੋਈ ਆਰਥਿਕਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਦੀਆਂ ਆਰਥਿਕ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕਰ ਦਿੱਤਾ ਹੈ। ਸੰਸਦ ਭਵਨ ਕੰਪਲੈਕਸ ਵਿੱਚ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਨਾਲ ਵਪਾਰਕ ਸੌਦਾ ਹੋਵੇਗਾ ਅਤੇ ਟਰੰਪ ਇਸ ਨੂੰ ਪਰਿਭਾਸ਼ਿਤ ਕਰਨਗੇ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਉਹੀ ਕਰਨਗੇ ਜੋ ਅਮਰੀਕੀ ਰਾਸ਼ਟਰਪਤੀ ਉਨ੍ਹਾਂ ਨੂੰ ਕਰਨ ਲਈ ਕਹਿਣਗੇ। ਰਾਹੁਲ ਗਾਂਧੀ ਦੀਆਂ ਇਹ ਟਿੱਪਣੀਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਤੇ 25 ਫੀਸਦੀ ਟੈਕਸ ਅਤੇ ਜੁਰਮਾਨੇ ਲਗਾਉਣ ਅਤੇ ਭਾਰਤ ਤੇ ਰੂਸ ਨੂੰ ਮਰੀਆਂ ਹੋਈਆਂ ਅਰਥਵਿਵਸਥਾਵਾਂ ਕਹਿਣ ਤੋਂ ਬਾਅਦ ਆਈਆਂ ਹਨ। ਭਾਰਤੀ ਅਰਥਵਿਵਸਥਾ ਬਾਰੇ ਟਰੰਪ ਦੀ ਆਲੋਚਨਾ ਬਾਰੇ ਪੁੱਛੇ ਜਾਣ ਤੇ ਗਾਂਧੀ ਨੇ ਕਿਹਾ ਕਿ ਉਹ ਸਹੀ ਹਨ, ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ



ਨੂੰ ਛੱਡ ਕੇ ਇਹ ਗੱਲ ਹਰ ਕੋਈ ਜਾਣਦਾ ਹੈ। ਹਰ ਕੋਈ ਜਾਣਦਾ ਹੈ ਕਿ ਭਾਰਤੀ ਅਰਥਵਿਵਸਥਾ ਇੱਕ ਮਰੀ ਹੋਈ ਆਰਥਿਕਤਾ ਹੈ। ਮੈਨੂੰ ਖੁਸ਼ੀ ਹੈ ਕਿ ਰਾਸ਼ਟਰਪਤੀ ਟਰੰਪ ਨੇ ਇੱਕ ਤੱਥ ਅਧਾਰਤ ਬਿਆਨ ਕੀਤਾ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਅਰਬਪਤੀ ਗੌਤਮ ਅਡਾਨੀ ਦੀ ਮਦਦ ਕਰਨ ਲਈ ਭਾਰਤੀ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰੀ ਭਾਸ਼ਣ ਦਿੰਦੇ ਹਨ ਕਿ ਸਾਡੀ ਵਿਦੇਸ਼ ਨੀਤੀ ਬਹੁਤ ਸ਼ਾਨਦਾਰ ਹੈ। ਇੱਕ ਪਾਸੇ, ਅਮਰੀਕਾ ਤੁਹਾਡਾ ਅਪਮਾਨ ਕਰ ਰਿਹਾ ਹੈ ਅਤੇ ਦੂਜੇ ਪਾਸੇ ਚੀਨ ਪਿੱਛੇ ਪਿਆ ਹੈ ਅਤੇ ਤੀਜਾ, ਜਦੋਂ ਤੁਸੀਂ ਦੁਨੀਆ ਭਰ ਵਿੱਚ ਵਫ਼ਦ ਭੇਜਦੇ ਹੋ ਤਾਂ ਕੋਈ ਵੀ ਦੇਸ਼ ਪਾਕਿਸਤਾਨ ਦੀ ਨਿੰਦਾ ਨਹੀਂ ਕਰਦਾ। ਉਹ ਦੇਸ਼ ਕਿਵੇਂ ਚਲਾ ਰਹੇ ਹਨ? ਉਨ੍ਹਾਂ ਨੂੰ ਦੇਸ਼ ਚਲਾਉਣਾ ਨਹੀਂ ਆਉਂਦਾ।

# ਰੂਸ 'ਚ ਦੂਜੇ ਦਿਨ ਵੀ ਆਇਆ ਭੂਚਾਲ, 6.5 ਤੀਬਰਤਾ ਕੀਤੀ ਗਈ ਦਰਜ

**ਰੂਸ।** ਰੂਸ ਵਿੱਚ ਲਗਾਤਾਰ ਦੂਜੇ ਦਿਨ ਭੂਚਾਲ ਆਇਆ ਹੈ। ਵੀਰਵਾਰ ਸਵੇਰੇ ਰੂਸ ਦੇ ਪੂਰਬੀ ਖੇਤਰ ਵਿੱਚ ਕੁਰਿਲ ਟਾਪੂਆਂ 'ਤੇ ਆਏ ਇਸ ਭੂਚਾਲ ਦੀ ਤੀਬਰਤਾ 6.5 ਸੀ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ (ਐਨਸੀਐਸ) ਦੇ ਅਨੁਸਾਰ, ਇਹ ਭੂਚਾਲ ਭਾਰਤੀ ਸਮੇਂ ਅਨੁਸਾਰ ਸਵੇਰੇ 10:57 ਵਜੇ ਦਰਜ ਕੀਤਾ ਗਿਆ। ਇਸਦੀ ਡੂੰਘਾਈ ਸਿਰਫ਼ 10 ਕਿਲੋਮੀਟਰ ਸੀ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕੁਰਿਲ ਟਾਪੂਆਂ ਦੇ ਨੇੜੇ ਸਮੁੰਦਰ ਵਿੱਚ 8.8 ਤੀਬਰਤਾ ਦਾ ਇੱਕ ਵੱਡਾ ਭੂਚਾਲ ਆਇਆ। ਜੋ ਕਿ ਹੁਣ ਤੱਕ ਦਰਜ ਕੀਤੇ ਗਏ



ਸਭ ਤੋਂ ਸ਼ਕਤੀਸ਼ਾਲੀ ਭੂਚਾਲਾਂ ਵਿੱਚੋਂ ਛੇਵੇਂ ਨੰਬਰ 'ਤੇ ਹੈ। ਹਾਲਾਂਕਿ, ਹੁਣ ਤੱਕ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। 8.8 ਤੀਬਰਤਾ ਦੇ ਭੂਚਾਲ ਤੋਂ ਬਾਅਦ, ਸੁਨਾਮੀ ਦੀਆਂ ਲਹਿਰਾਂ ਰੂਸ, ਜਾਪਾਨ, ਚੀਨ ਅਤੇ ਅਮਰੀਕਾ ਤੱਕ ਪਹੁੰਚੀਆਂ। ਰੂਸ ਵਿੱਚ, ਇਹ ਲਹਿਰਾਂ 4 ਮੀਟਰ ਉੱਚੀਆਂ ਸਨ, ਜਦੋਂ ਕਿ ਅਮਰੀਕਾ ਵਿੱਚ ਇਹ 1 ਮੀਟਰ ਤੱਕ ਉੱਚੀਆਂ ਸਨ। ਕੱਲ੍ਹ ਵੀ ਕੁਰਿਲਾਂ ਵਿੱਚ 6.3 ਤੀਬਰਤਾ ਦਾ ਭੂਚਾਲ ਆਇਆ। ਇਸ ਤੋਂ ਇਲਾਵਾ, ਕਾਮਚ-ਟਕਾ ਵਿੱਚ ਭੂਚਾਲ ਤੋਂ ਬਾਅਦ ਇੱਕ ਜਵਾਲਾਮੁਖੀ ਵੀ ਫਟ ਗਿਆ।

# ਮੁੰਬਈ ਹਵਾਈ ਅੱਡੇ ਤੋਂ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ

**ਮੁੰਬਈ।** ਮੁੰਬਈ ਕਸਟਮ ਵਿਭਾਗ ਦੇ ਹਵਾਬਾਜ਼ੀ ਅਧਿਕਾਰੀਆਂ ਨੇ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਇਹ ਕਾਰਵਾਈ 29 ਅਤੇ 30 ਜੁਲਾਈ ਨੂੰ ਕੀਤੀ ਗਈ ਸੀ। ਇਸ ਵਿੱਚ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਸਟਮ ਅਧਿਕਾਰੀਆਂ ਨੇ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਬੈਂਕਾਕ ਤੋਂ ਆ ਰਹੀ ਫਲਾਈਟ ਨੰਬਰ VG760 ਤੋਂ ਤਿੰਨ ਸ਼ੱਕੀ ਯਾਤਰੀਆਂ ਨੂੰ ਰੋਕਿਆ। ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਦੌਰਾਨ, 1.990 ਕਿਲੋਗ੍ਰਾਮ ਹਾਈਡ੍ਰੋਪੋਨਿਕ ਵੀਡ (ਗਾਂਜਾ) ਮਿਲਿਆ, ਜਿਸਦੀ ਬਾਜ਼ਾਰ ਵਿੱਚ ਕੀਮਤ ਲਗਭਗ 2 ਕਰੋੜ ਰੁਪਏ ਹੈ। ਮੁੰਬਈ ਹਵਾਈ ਅੱਡੇ 'ਤੇ ਇੱਕ ਹੋਰ ਮਾਮਲੇ ਵਿੱਚ, ਬੈਂਕਾਕ ਫਲਾਈਟ ਨੰਬਰ 6E1060 ਤੋਂ ਇੱਕ ਯਾਤਰੀ ਤੋਂ 6.22 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਇਸਦੀ ਬਾਜ਼ਾਰ ਕੀਮਤ 6 ਕਰੋੜ ਰੁਪਏ ਹੈ। ਦੋਵਾਂ ਮਾਮਲਿਆਂ ਵਿੱਚ, ਹਵਾਬਾਜ਼ੀ ਅਧਿਕਾਰੀਆਂ ਨੇ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ।

**ਚਾਰਾਂ ਮੁਲਜ਼ਮਾਂ ਵਿਰੁੱਧ ਕੇਸ ਦਰਜ**

ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਨੇ ਇਨ੍ਹਾਂ



ਹਾਈਡ੍ਰੋਪੋਨਿਕ ਬੂਟੀ ਦੇ ਪੈਕੇਟਾਂ ਨੂੰ ਕਾਲੇ ਅਤੇ ਪਾਰਦਰਸ਼ੀ ਵੈਕਿਊਮ ਸੀਲਬੰਦ ਪੈਕੇਟਾਂ ਵਿੱਚ ਟਰਾਲੀ ਬੈਗ ਦੇ ਅੰਦਰ ਲੁਕਾਇਆ ਸੀ। ਸਾਰੇ ਯਾਤਰੀਆਂ ਨੂੰ ਐਨਡੀਪੀਐਸ ਧਾਰਾ, 1985 ਦੇ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਰਿਸ਼ਵਤ ਲੈਣ ਦਾ ਮਾਮਲਾ : ਅਦਾਲਤ ਨੇ ਇੰਸਪੈਕਟਰ ਅਰਸ਼ਪ੍ਰੀਤ ਕੌਰ ਨੂੰ ਐਲਾਨਿਆ ਭਗੌੜਾ

**ਚੰਡੀਗੜ੍ਹ।** ਪਿਛਲੇ 9 ਮਹੀਨਿਆਂ ਪਹਿਲਾ ਰਿਸ਼ਵਤ ਲੈਣ ਦੇ ਦੋਸ਼ਾਂ ਚ ਘਿਰੀ ਮਹਿਲ ਪੁਲਿਸ ਇੰਸਪੈਕਟਰ ਨੂੰ ਅਦਾਲਤ ਵੱਲੋਂ ਭਗੌੜੀ ਐਲਾਨੇ ਜਾਣ ਮਗਰੋਂ ਸਸਪੈਂਡ ਇੰਸਪੈਕਟਰ ਖ਼ਿਲਾਫ਼ ਧਾਰਾ 2009 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸਦੇ ਖ਼ਿਲਾਫ਼ ਨਸ਼ਾ ਤਸਕਰਾਂ ਤੋਂ 5 ਲੱਖ ਰੁਪਏ ਲੈ ਕੇ ਛੱਡਣ ਦੇ ਮਾਮਲੇ 'ਚ ਭ੍ਰਿਸ਼ਟਾਚਾਰ ਐਕਟ ਅਧੀਨ ਵੀ ਕੇਸ ਦਰਜ ਸੀ। ਥਾਣਾ ਕੋਟ ਇਸੇ ਖਾਂ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਥਾਣੇ ਦੀ ਤਤਕਾਲੀਨ ਇੰਚਾਰਜ ਅਰਸ਼ਪ੍ਰੀਤ ਕੌਰ ਦੇ ਖ਼ਿਲਾਫ਼ 23 ਅਕਤੂਬਰ 2024 ਨੂੰ ਨਸ਼ਾ ਤਸਕਰ ਨੂੰ ਛੱਡਣ ਦੇ ਬਦਲੇ 5 ਲੱਖ ਰੁਪਏ ਰਿਸ਼ਵਤ ਲੈਣ ਦੇ ਮਾਮਲੇ 'ਚ ਕੇਸ ਦਰਜ ਹੋਇਆ ਸੀ। ਇਸ ਤੋਂ ਬਾਅਦ ਔਰਤ ਪੁਲਿਸ ਅਧਿਕਾਰੀ ਫਰਾਰ ਚੱਲ ਰਹੀ ਹੈ। ਉਸਦੀ ਜਮਾਨਤ ਦੀ ਅਰਜ਼ੀ ਵੀ ਰੱਦ ਹੋ ਚੁੱਕੀ ਹੈ। ਕੇਸ ਦਰਜ ਹੋਣ ਦੇ 9 ਮਹੀਨੇ ਬਾਅਦ ਵੀ ਸਸਪੈਂਡ ਔਰਤ ਅਧਿਕਾਰੀ ਅਦਾਲਤ ਵਿਚ ਹਾਜ਼ਰ ਨਹੀਂ ਹੋਈ, ਜਿਸ ਕਰਕੇ ਉਸਨੂੰ ਅਦਾਲਤ ਨੇ ਭਗੌੜੀ ਐਲਾਨ ਦਿੱਤਾ। ਥਾਣਾ



ਕੋਟਇਸੇ ਖਾਂ ਵਿਚ ਅਰਸ਼ਪ੍ਰੀਤ ਕੌਰ ਖ਼ਿਲਾਫ਼ ਧਾਰਾ 209 ਹੇਠ ਕੇਸ ਦਰਜ ਹੋਇਆ ਹੈ। ਪੁਲਿਸ ਤੇ ਦੱਸਣ ਮੁਤਾਬਕ 1 ਅਕਤੂਬਰ 2024 ਨੂੰ ਮੁਖ਼ਬਿਰ ਨੇ ਸੂਚਨਾ ਦਿੱਤੀ ਸੀ ਕਿ ਉਸੇ ਦਿਨ ਧਫਸ਼ ਐਕਟ ਦੇ ਮਾਮਲੇ 'ਚ ਥਾਣਾ ਕੋਟ ਇਸੇ ਖਾਂ ਦੀ ਪੁਲਿਸ ਨੇ ਅਮਰਜੀਤ ਸਿੰਘ ਨਿਵਾਸੀ ਕੋਟਇਸੇ ਖਾਂ ਨੂੰ ਸਕਾਰਪਿਓ ਗੱਡੀ ਅਤੇ 2 ਕਿਲੋ ਅਫੀਮ ਸਮੇਤ ਫੜਿਆ ਸੀ। ਅਮਰਜੀਤ ਦੇ ਨਾਲ ਉਸਦਾ ਭਰਾ ਮਨਪ੍ਰੀਤ ਸਿੰਘ ਅਤੇ ਭਤੀਜਾ ਗੁਰਪ੍ਰੀਤ ਸਿੰਘ ਵੀ ਸੀ ਉਸ ਨੂੰ ਵੀ 3 ਕਿਲੋ ਅਫੀਮ ਸਮੇਤ ਮੌਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇੰਸਪੈਕਟਰ ਅਰਸ਼ਪ੍ਰੀਤ ਕੌਰ ਨੇ ਥਾਣੇ ਦੇ ਮੁਨਸ਼ੀ ਗੁਰਪ੍ਰੀਤ ਸਿੰਘ ਅਤੇ ਬਲਖੰਡੀ ਚੌਕੀ ਦੇ ਮੁੰਸ਼ੀ ਰਾਜਪਾਲ ਸਿੰਘ ਨਾਲ ਮਿਲਕੇ 5 ਲੱਖ ਰੁਪਏ ਲਏ ਸਨ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਲੱਦਾਖ 'ਚ ਸ਼ਹੀਦ ਹੋਏ ਨਾਇਕ ਦਲਜੀਤ ਸਿੰਘ ਦੀ ਮ੍ਰਿਤਕ ਦੇਹ ਪਹੁੰਚੀ ਪਿੰਡ ਸ਼ਮਸ਼ੇਰਪੁਰ



**ਲੱਦਾਖ।** ਲੱਦਾਖ 'ਚ ਸ਼ਹੀਦ ਹੋਏ ਨਾਇਕ ਦਲਜੀਤ ਸਿੰਘ ਦੀ ਮ੍ਰਿਤਕ ਦੇਹ ਗੁਰਦਾਸਪੁਰ ਦੇ ਪਿੰਡ ਸ਼ਮਸ਼ੇਰਪੁਰ ਪਹੁੰਚਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸ਼ਹੀਦ ਜਵਾਨ ਦਾ ਜੱਦੀ ਪਿੰਡ ਸ਼ਮਸ਼ੇਰਪੁਰ'ਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ । ਦੱਸ ਦੇਈਏ ਕਿ ਬੀਤੇ ਦਿਨ ਢਿੱਗਾਂ ਡਿੱਗਣ ਕਾਰਨ ਪੰਜਾਬ ਦੇ ਦੋ ਫੌਜੀ ਜਵਾਨ ਸ਼ਹੀਦ ਹੋ ਗਏ ਸੀ। ਇਹ ਹਾਦਸਾ ਲੱਦਾਖ ਦੀ ਗਲਵਾਨ ਘਾਟੀ ਵਿਖੇ ਹੋਈ ਲੈਂਡਸਲਾਇਡਿੰਗ 'ਚ ਪਠਾਨਕੋਟ ਦੇ ਜਵਾਨ ਭਾਨੂ ਪ੍ਰਤਾਪ ਸਿੰਘ ਅਤੇ ਗੁਰਦਾਸਪੁਰ ਦੇ ਪਿੰਡ ਸ਼ਮਸ਼ੇਰਪੁਰ ਦੇ ਦਲਜੀਤ ਸਿੰਘ ਦੇ ਸ਼ਹੀਦ ਹੋਣ ਅਤੇ 3 ਹੋਰ ਜਵਾਨਾਂ ਦੇ ਜ਼ਖ਼ਮੀ ਹੋ ਗਏ ਸੀ। ਸ਼ਹੀਦ ਜਵਾਨਾਂ ਦੀ ਪਛਾਣ ਲੈਫਟੀਨੈਂਟ ਕਰਨਲ ਭਾਨੂ ਪ੍ਰਤਾਪ ਸਿੰਘ ਅਤੇ ਨਾਇਕ ਦਲਜੀਤ ਸਿੰਘ ਵਜੋਂ ਹੋਈ ਹੈ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਟਰੰਪ ਸੁਣਨ ਨੂੰ ਤਿਆਰ ਨਹੀਂ... ਪਹਿਲਾਂ 25% ਟੈਰਿਫ, ਹੁਣ 6 ਭਾਰਤੀ ਕੰਪਨੀਆਂ ‘ਤੇ ਪਾਬੰਦੀ

**ਨਵੀਂ ਦਿੱਲੀ ।** ਅਮਰੀਕੀ ਰਾਸ਼ਟਰਪਤੀ ਟਰੰਪ ਨੇ ਬੁੱਧਵਾਰ ਨੂੰ ਭਾਰਤ ‘ਤੇ 25% ਟੈਰਿਫ ਲਗਾਉਣ ਦਾ ਐਲਾਨ ਕੀਤਾ। ਇੰਨਾ ਹੀ ਨਹੀਂ, ਉਨ੍ਹਾਂ ਨੇ ਭਾਰਤ ‘ਤੇ ਵੱਡਾ ਜੁਰਮਾਨਾ ਵੀ ਲਗਾਇਆ। ਟੈਰਿਫ ਤੋਂ ਬਾਅਦ, ਅਮਰੀਕਾ ਨੇ ਭਾਰਤ ਨੂੰ ਇੱਕ ਹੋਰ ਵੱਡਾ ਝਟਕਾ ਦਿੱਤਾ ਹੈ। ਈਰਾਨ ਨਾਲ ਪੈਟਰੋਲੀਅਮ ਉਤਪਾਦਾਂ ਦਾ ਵਪਾਰ ਕਰਨ ਵਾਲੀਆਂ ਭਾਰਤੀ ਕੰਪਨੀਆਂ ਵੀ ਅਮਰੀਕਾ ਦੇ ਨਿਸ਼ਾਨੇ ‘ਤੇ ਆ ਗਈਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਦੇ ਅਨੁਸਾਰ, 6 ਭਾਰਤੀ ਕੰਪਨੀਆਂ ‘ਤੇ ਕਾਰਜਕਾਰੀ ਆਦੇਸ਼ (ਓ..) 13846 ਦੇ ਤਹਿਤ ਪਾਬੰਦੀ ਲਗਾਈ ਗਈ ਹੈ। ਟਰੰਪ ਪ੍ਰਸ਼ਾਸਨ ਦਾ ਇਹ ਫੈਸਲਾ ਅਸਲ ਵਿੱਚ ਸਿੱਧੇ ਤੌਰ ‘ਤੇ ਈਰਾਨ ਦੇ ਪੈਟਰੋਲੀਅਮ ਅਤੇ ਪੈਟਰੋਕੈਮੀਕਲ ਸੈਕਟਰ ਨੂੰ ਨਿਸ਼ਾਨਾ ਬਣਾਉਂਦਾ ਹੈ। ਇਨ੍ਹਾਂ ਭਾਰਤੀ ਕੰਪਨੀਆਂ ‘ਤੇ ਪਾਬੰਦੀ ਦਾ ਐਲਾਨ ਕਰਦੇ ਹੋਏ, ਡੋਨਾਲਡ ਟਰੰਪ ਪ੍ਰਸ਼ਾਸਨ ਨੇ ਦੋਸ਼ ਲਗਾਇਆ ਹੈ ਕਿ ਉਹ ਜਾਣਬੁੱਝ ਕੇ ਈਰਾਨੀ ਪੈਟਰੋਲੀਅਮ ਉਤਪਾਦਾਂ ਦੀ ਖਰੀਦ ਅਤੇ ਵੰਡ ਲਈ ਮਹੱਤਵਪੂਰਨ ਲੈਣ-ਦੇਣ ਵਿੱਚ ਸ਼ਾਮਲ ਹਨ, ਜੋ ਕਿ ਈਰਾਨ ‘ਤੇ ਲਗਾਈਆਂ ਗਈਆਂ ਅਮਰੀਕੀ ਪਾਬੰਦੀਆਂ ਦੀ ਸਿੱਧੀ ਉਲੰਘਣਾ ਹੈ। ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਕੋਈ ਵੀ ਦੇਸ਼ ਜਾਂ ਵਿਅਕਤੀ ਜੋ ਈਰਾਨੀ ਤੇਲ ਜਾਂ ਪੈਟਰੋਕੈਮੀਕਲ ਖਰੀਦਣ ਦੀ ਚੋਣ ਕਰਦਾ ਹੈ, ਉਹ ਅਮਰੀਕੀ ਪਾਬੰਦੀਆਂ ਦੇ



ਜੋਖਮ ਵਿੱਚ ਹੈ ਅਤੇ ਉਸਨੂੰ ਅਮਰੀਕਾ ਨਾਲ ਵਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਕੰਚਨ ਪੋਲੀਮਰਜ਼: ਇਸ ਕੰਪਨੀ ਨੇ ਫਰਵਰੀ ਅਤੇ ਜੁਲਾਈ 2024 ਦੇ ਵਿਚਕਾਰ ਯੂਏਈ ਸਥਿਤ ਤਨਾਈਸ ਟ੍ਰੇਡਿੰਗ ਤੋਂ ਪੋਲੀਥੀਲੀਨ ਸਮੇਤ 1.3 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨੀ ਮੂਲ ਦੇ ਪੈਟਰੋ ਕੈਮੀਕਲ ਉਤਪਾਦ ਆਯਾਤ ਅਤੇ ਖਰੀਦੇ ਹਨ।ਅਲਕੈਮੀਕਲ ਸਲਿਊਸ਼ਨਜ਼: ਤੁਹਾਨੂੰ ਦੱਸ ਦੇਈਏ ਕਿ ਇਹ ਇੱਕ ਪੈਟਰੋ ਕੈਮੀਕਲ ਟ੍ਰੇਡਿੰਗ ਕੰਪਨੀ ਹੈ, ਜਿਸਨੇ ਜਨਵਰੀ ਅਤੇ ਦਸੰਬਰ 2024 ਦੇ ਵਿਚਕਾਰ ਕਈ ਕੰਪਨੀਆਂ ਨਾਲ $84 ਮਿਲੀਅਨ ਤੋਂ ਵੱਧ ਦੇ ਈਰਾਨੀ ਮੂਲ ਦੇ ਪੈਟਰੋ ਕੈਮੀਕਲ ਉਤਪਾਦ ਆਯਾਤ ਅਤੇ ਖਰੀਦੇ ਹਨ। ਰਮਨਿਕਲਾਲ ਐਸ ਗੋਸਾਲੀਆ ਐਂਡ ਕੰਪਨੀ: ਇਸ ਕੰਪਨੀ ਨੇ 2024 ਅਤੇ 2025 ਦੇ ਵਿਚਕਾਰ ਕਈ ਕੰਪਨੀਆਂ ਤੋਂ $22 ਮਿਲੀਅਨ ਤੋਂ ਵੱਧ ਦੇ ਮੀਥੇਨੌਲ ਅਤੇ ਟੋਲੂਇਨ ਸਮੇਤ ਈਰਾਨੀ ਮੂਲ ਦੇ ਪੈਟਰੋ ਕੈਮੀਕਲ ਉਤਪਾਦ ਆਯਾਤ ਅਤੇ ਖਰੀਦੇ ਹਨ। ਜੁਪੀਟਰ ਡਾਈ ਕੈਮ ਪ੍ਰਾਈਵੇਟ ਲਿਮਟਿਡ: ਇਹ ਕੰਪਨੀ ਜਨਵਰੀ 2024 ਅਤੇ ਜਨਵਰੀ 2025 ਦੇ ਵਿਚਕਾਰ ਕਈ ਕੰਪਨੀਆਂ ਤੋਂ $49 ਮਿਲੀਅਨ ਤੋਂ ਵੱਧ ਦੇ ਟੋਲੂਇਨ ਸਮੇਤ ਈਰਾਨੀ ਮੂਲ ਦੇ ਪੈਟਰੋ ਕੈਮੀਕਲ ਉਤਪਾਦਾਂ ਨੂੰ ਆਯਾਤ ਅਤੇ ਖਰੀਦਣ ਲਈ ਪਾਬੰਦੀਸ਼ੁਦਾ ਸੂਚੀ ਵਿੱਚ ਵੀ ਹੈ। ਇਸ ਤੋਂ ਇਲਾਵਾ, ਗਲੋਬਲ ਇੰਡਸਟਰੀਅਲ ਕੈਮੀਕਲਜ਼ ਲਿਮਟਿਡ ਅਤੇ ਪਰਸਿਸਟੈਂਟ ਪੈਟਰੋਕੈਮ ਪ੍ਰਾਈਵੇਟ ਲਿਮਟਿਡ ‘ਤੇ ਵੀ ਅਮਰੀਕਾ ਦੁਆਰਾ ਪਾਬੰਦੀ ਲਗਾਈ ਗਈ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਕੰਪਨੀਆਂ ਨੇ 51 ਮਿਲੀਅਨ ਡਾਲਰ ਅਤੇ 14 ਮਿਲੀਅਨ ਡਾਲਰ ਤੋਂ ਵੱਧ ਦਾ ਕਾਰੋਬਾਰ ਵੀ ਕੀਤਾ ਹੈ।

## 14 ਸਾਲਾਂ ਲੜਕੀ ਨੇ ਬੱਚੇ ਨੂੰ ਜਨਮ ਦਿੱਤਾ, ਫਿਰ ਹੈਰਾਨ ਕਰਨ ਵਾਲਾ ਰਾਜ਼ ਸਾਹਮਣੇ ਆਇਆ

**ਨਵੀਂ ਦਿੱਲੀ।** ਝਾਰਖੰਡ ਵਿੱਚ ਇੱਕ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਰਾਂਚੀ ਦੇ ਸਦਰ ਹਸਪਤਾਲ ਵਿੱਚ ਇੱਕ 14 ਸਾਲਾ ਸਕੂਲੀ ਵਿਦਿਆਰਥਣ ਨੇ ਇੱਕ ਨਵਜੰਮੇ ਬੱਚੇ ਨੂੰ ਜਨਮ ਦਿੱਤਾ ਹੈ। ਗੁਮਲਾ ਜ਼ਿਲ੍ਹੇ ਦੇ ਬਸੀਆ ਦੀ ਇੱਕ ਅਣਵਿਆਹੀ ਨਾਬਾਲਗ ਵਿਦਿਆਰਥਣ ਨਾਲ ਉਸਦੇ ਪਿੰਡ ਦੇ ਇੱਕ ਨੌਜਵਾਨ ਨੇ ਬਲਾਤਕਾਰ ਕੀਤਾ।ਜਨਤਕ ਸ਼ਰਮ ਅਤੇ ਮੁਲਜ਼ਮਾਂ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਕਾਰਨ ਪੀੜਤ ਨਾਬਾਲਗ ਅਤੇ ਉਸਦਾ ਪਰਿਵਾਰ ਇਸ ਅਪਰਾਧ ਵਿਰੁੱਧ ਆਵਾਜ਼ ਨਹੀਂ ਚੁੱਕ ਸਕਿਆ ਅਤੇ ਨਾ ਹੀ ਉਹ ਪੁਲਿਸ ਦੇ ਦਰਵਾਜ਼ੇ ‘ਤੇ ਪਹੁੰਚ ਸਕਿਆ। ਜਿਸ ਕਾਰਨ 14 ਸਾਲਾ ਨਾਬਾਲਗ ਲੜਕੀ ਗਰਭਵਤੀ ਹੋ ਗਈ। ਸਮਾਜਿਕ ਬਦਨਾਮੀ ਤੋਂ ਬਚਣ ਲਈ ਪੀੜਤਾ ਦਾ ਪਰਿਵਾਰ ਪੀੜਤਾ ਨੂੰ ਲੈ ਕੇ ਗੁਮਲਾ ਜ਼ਿਲ੍ਹੇ ਤੋਂ ਰਾਂਚੀ ਆਇਆ। ਜਦੋਂ ਨਾਬਾਲਗ ਲੜਕੀ ਨੇ ਰਾਂਚੀ ਦੇ ਸਦਰ ਹਸਪਤਾਲ ਵਿੱਚ ਇੱਕ ਨਵਜੰਮੇ ਬੱਚੇ ਨੂੰ ਜਨਮ ਦਿੱਤਾ ਤਾਂ ਮਾਮਲੇ ਦਾ ਖੁਲਾਸਾ ਹੋਇਆ। ਇਸ ਤੋਂ ਬਾਅਦ ਸਦਰ ਹਸਪਤਾਲ ਪ੍ਰਬੰਧਨ ਨੇ ਰਾਂਚੀ ਦੇ ਲੋਅਰ ਬਾਜ਼ਾਰ ਪੁਲਿਸ ਸਟੇਸ਼ਨ ਦੀ ਪੁਲਿਸ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ। ਨਾਬਾਲਗ ਲੜਕੀ ਦੇ ਬਿਆਨ ਦੇ ਆਧਾਰ ‘ਤੇ ਰਾਂਚੀ ਦੇ ਲੋਅਰ ਬਾਜ਼ਾਰ ਪੁਲਿਸ ਸਟੇਸ਼ਨ ਵਿੱਚ ਜ਼ੀਰੋ ਐਫਆਈਆਰ ਦਰਜ ਕੀਤੀ ਗਈ। ਫਿਰ ਗੁਮਲਾ ਜ਼ਿਲ੍ਹੇ ਦੇ ਬਸੀਆ ਥਾਣੇ ਦੀ ਪੁਲਿਸ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ ਗਈ। ਗੁਮਲਾ ਜ਼ਿਲ੍ਹੇ ਦੇ ਐਸਪੀ ਹਸ਼ੀਸ਼ ਬਿਨ ਜਾਮਾ ਵੱਲੋਂ ਬਣਾਈ ਗਈ ਇੱਕ ਟੀਮ ਨੇ ਸ਼ਿਵਾ ਅਹੀਰ ਨਾਮਕ ਇੱਕ ਨੌਜਵਾਨ ਨੂੰ ਇੱਕ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਪੀੜਤਾ ਨੇ ਪੁਲਿਸ ਨੂੰ ਦੱਸਿਆ ਕਿ ਦੋਸ਼ੀ ਉਸਨੂੰ ਸਕੂਲ ਜਾਂਦੇ-ਜਾਂਦੇ ਛੇੜਦਾ ਸੀ। ਫਿਰ ਉਸਨੇ ਇੱਕ ਦਿਨ ਉਸ ਨਾਲ ਬਲਾਤਕਾਰ ਕੀਤਾ। ਬਾਅਦ ਵਿੱਚ, ਉਸਨੂੰ ਘਟਨਾ ਦਾ ਜ਼ਿਕਰ ਕਰਨ ‘ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ, ਜਿਸ ਕਾਰਨ ਉਹ ਡਰ ਕਾਰਨ ਚੁੱਪ ਰਹੀ। ਪੁਲਿਸ ਨੇ ਦੋਸ਼ੀ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣ ਵਾਲਿਆਂ ਨੂੰ ਲੋਕ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ : ਲਾਲੀ ਬਾਜਵਾ

**ਹੁਸ਼ਿਆਰਪੁਰ / ਗੜ੍ਹਸ਼ੰਕਰ ( ਤਰਸੇਮ ਦੀਵਾਨਾ )** ਆਮ ਆਦਮੀ ਦੇ ਨਾਂ 'ਤੇ ਪੰਜਾਬ ਵਿੱਚ ਲੋਕਾਂ ਨਾਲ ਵੱਡੇ ਵੱਡੇ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਦੇ ਨਾਂ ਹੇਠ ਪੰਜਾਬ ਵਿੱਚ ਕਿਸਾਨਾਂ ਦੀਆਂ ਧੱਕੇ ਨਾਲ ਜ਼ਮੀਨਾਂ ਸ਼੍ਰੋਮਣੀ ਅਕਾਲੀ ਦਲ ਹਰਗਿਜ਼ ਨਹੀਂ ਖੋਹਣ ਦੇਵੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹ ਗੜ੍ਹਸ਼ੰਕਰ ਹਲਕੇ ਦੇ ਸੀਨੀਅਰ ਅਕਾਲੀ ਆਗੂ ਹਰਪ੍ਰੀਤ ਸਿੰਘ ਰਿੰਕੂ ਬੇਦੀ ਨਾਲ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਚਰਚਾ ਕਰਨ ਪਹੁੰਚੇ ਹੋਏ ਸਨ। ਲਾਲੀ ਬਾਜਵਾ ਨੇ



ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਕਿਸਾਨਾਂ ਦੀ ਬਾਂਹ ਫੜੀ ਹੈ ਅਤੇ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਕਿਸਾਨਾਂ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਦੇ ਨਾਮ ਹੇਠ ਸਰਕਾਰ ਵੱਲੋਂ 65 ਹਜ਼ਾਰ ਏਕੜ ਜ਼ਮੀਨ ਕਿਸਾਨਾਂ ਕੋਲੋਂ ਖੋਹ ਕੇ ਗੈਰ ਪੰਜਾਬੀਆਂ ਨੂੰ ਦਿੱਤੀ ਜਾਣੀ ਹੈ ਜੋ ਕਿ ਇੱਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਮਾਲਵੇ ਵਿੱਚ ਵਿਰੋਧ ਹੋਣ ਤੋਂ ਬਾਅਦ ਹੁਣ ਦੁਆਬੇ ਵਿੱਚ ਵੀ ਵਿਰੋਧ ਸ਼ੁਰੂ ਹੋ ਗਿਆ ਹੈ ਜਿਸ ਦੀ ਤਾਜ਼ਾ ਉਦਾਹਰਨ ਹੁਸ਼ਿਆਰਪੁਰ ਦੇ ਪਿੰਡਾਂ ਵਿੱਚ ਕਿਸਾਨਾਂ ਨੇ ਆਪ ਵਾਲਿਆਂ ਦੇ ਪਿੰਡਾਂ ਵਿੱਚ ਨਾ ਵੜਨ ਦੇ ਵੱਡੇ ਵੱਡੇ ਫਲੈਕਸ ਲਗਾ ਦਿੱਤੇ ਹਨ। ਇਸ ਸਕੀਮ ਨੂੰ ਵਾਪਸ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਤਿੱਖਾ ਸੰਘਰਸ਼ ਲੜੇਗਾ। ਇਸ ਮੌਕੇ ਦਵਿੰਦਰ ਸਿੰਘ ਬੈਂਸ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਗੁਰਪ੍ਰੀਤ ਸਿੰਘ ਕੋਹਲੀ, ਮਨਦੀਪ ਸਿੰਘ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਟਰੱਸਟ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ

**ਹੁਸ਼ਿਆਰਪੁਰ / ਮਾਹਿਲਪੁਰ ( ਤਰਸੇਮ ਦੀਵਾਨਾ )** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦ ਵਿੱਚ ਚਲਾਏ ਜਾ ਰਹੇ ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਟਰੱਸਟ ਵੱਲੋਂ ਸੈਸ਼ਨ 2024-25 ਤਹਿਤ ਕਾਲਜ ਵਿੱਚ ਵੱਖ ਵੱਖ ਕੋਰਸਾਂ ਦੀ ਪੜ੍ਹਾਈ ਕਰ ਰਹੇ ਵੀਹ ਹੋਣ-ਹਾਰ ਵਿਦਿਆਰਥੀਆਂ ਨੂੰ ਵਜ਼ੀਫ਼ਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਟਰੱਸਟ ਦੇ ਸੰਚਾਲਕ ਵਿੰਗ ਕਮਾਂਡਰ ਹਰਦੇਵ ਸਿੰਘ ਢਿਲੋਂ ਨੇ ਕਿਹਾ ਕਿ ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਟਰੱਸਟ ਦੇਸ਼ਾਂ ਵਿਦੇਸ਼ਾਂ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਇਆ ਜਾਂਦਾ ਹੈ ਜਿਸ ਵਿੱਚ ਕਾਲਜ ਦੇ ਹੋਣ-ਹਾਰ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫ਼ਾ ਰਾਸ਼ੀ ਦੇ



ਚੈੱਕ ਪ੍ਰਦਾਨ ਕੀਤੇ ਜਾਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਦੀ ਸ਼ਖ਼ਸੀਅਤ ਤੋਂ ਵੱਧ ਤੋਂ ਵੱਧ ਸਿੱਖਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਵਜ਼ੀਫ਼ਾ ਰਾਸ਼ੀ ਜੇਤੂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਟਰੱਸਟ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਪ੍ਰਿੰਸੀਪਲ ਹਰਭਜਨ ਸਿੰਘ ਦੀ ਜੀਵਨੀ ਬਾਰੇ ਆਪਣੇ ਵਿਚਾਰ ਰੱਖੇ ਅਤੇ ਵਿਦਿਆਰਥੀਆਂ ਨੂੰ ਲਗਨ ਤੇ ਮਿਹਨਤ ਨਾਲ ਪੜ੍ਹਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਹਾਜ਼ਰ ਕਾਲਜ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨੇ ਵੀ ਵਜ਼ੀਫ਼ਾ ਰਾਸ਼ੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

**ਫੋਟੋ ਅਜਮੇਰ ਦੀਵਾਨਾ**

# ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ

## ਬਲਾਕੀਪੁਰ ਵਲੋਂ ਸ਼ਹੀਦ ਦੀ ਸੋਚ ਅਪਨਾਉਣ ਦੀ ਲੋੜ ਤੇ ਜ਼ੋਰ

**ਬੰਗਾ, (ਚਰਨਜੀਤ ਸੱਲ੍ਹਾਂ)** ਅੱਜ ਸ਼ਹੀਦ ਊਧਮ ਸਿੰਘ ਦੀ 86 ਵੇਂ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀਆਂ ਗਈਆਂ। ਇਸ ਲੜੀ 'ਚ ਕਸਬਾ ਕਟਾਰੀਆਂ ਵਿਖੇ ਸਥਾਪਿਤ ਸ਼ਹੀਦ ਦੀ ਯਾਦਗਾਰ 'ਤੇ ਵੀ ਨਮਨ ਕੀਤਾ ਗਿਆ। ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕਿਰ-ਪਾਲ ਸਿੰਘ ਬਲਾਕੀਪੁਰ ਨੇ ਕਿਹਾ ਕਿ ਅੱਜ ਦਾ ਦਿਨ ਸਾਨੂੰ ਵੱਡੀ ਪ੍ਰੇਰਨਾ ਵਾਲਾ ਅਤੇ ਅਦੁੱਤੀ ਹਸਤੀ ਦੀ ਕੁਰਬਾਨੀ ਨੂੰ ਯਾਦ ਕਰਨ ਵਾਲਾ ਦਿਨ ਹੈ। ਉਹਨਾਂ ਕਿਹਾ ਕਿ ਜ਼ਿਲ੍ਹਿਆਂਵਾਲਾ ਬਾਗ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਸਾਡੇ ਲਈ ਵੱਡੀ ਪ੍ਰੇਰਨਾ ਵਜੋਂ ਸਨਮੁੱਖ ਰਹੇਗੀ। ਸ. ਬਲਾਕੀਪੁਰ ਨੇ ਸ਼ਹੀਦ ਊਧਮ ਸਿੰਘ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਇਹ ਸ਼ਹਾਦਤਾਂ ਨੂੰ ਸੱਚੀ ਸ਼ਰਧਾਂਜਲੀ ਵਜੋਂ ਉਹਨਾਂ ਦੇ ਮਿਸ਼ਨ ਤੇ ਚੱਲਣ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਜੋ ਸਮਾਜ ਨੂੰ ਅੱਗੇ ਲੈ ਕੇ ਜਾਇਆ ਜਾ ਸਕੇ। ਇਸ ਮੌਕੇ ਸ਼ਾਮਿਲ ਸਰਪੰਚ ਮਨਜੀਤ ਸਿੰਘ, ਸਰਪੰਚ ਵਰਿੰਦਰ ਸਿੰਘ ਅਤੇ ਕਿਸਾਨ ਜਸਵਿੰਦਰ ਸਿੰਘ ਅਟਵਾਲ ਨੇ ਵੀ ਸ਼ਹੀਦ ਊਧਮ ਸਿੰਘ ਨੂੰ ਦੇਸ਼ ਦਾ ਮਾਣ



**ਸ਼ਹੀਦ ਊਧਮ ਸਿੰਘ ਦੀ ਯਾਦਗਾਰ ਤੇ ਨਮਨ ਕਰਨ ਪੁੱਜੇ ਸਮਾਜ ਸੇਵੀ ਕਿਰਪਾਲ ਸਿੰਘ ਬਲਾਕੀਪੁਰ ਤੇ ਹੋਰ।**

ਕਿਹਾ ਜਿਹਨਾਂ ਨੇ ਕੌਮਪ੍ਰਸਤੀ ਦੀ ਵੱਡੀ ਉਦ-ਾਹਰਣ ਪੈਦਾ ਕੀਤੀ ਹੈ।

# ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ




**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਪੰਜਾਬ ਰਿਮੋਟ ਸੈਸਿੰਗ ਸੈਂਟਰ (ਪੀ.ਆਰ.ਐਸ.ਸੀ) ਵਿਖੇ ਇੰਡੀਅਨ ਸੋਸਾਇਟੀ ਆਫ ਰਿਮੋਟ ਸੈਸਿੰਗ ਸੈਂਟਰ, ਲੁਧਿਆਣਾ ਚੈਪਟਰ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਡਾ. ਬਰਜਿੰਦਰਾ ਪਟੈਰੀਆ, ਡਾਇਰੈਕਟਰ, ਪੀ.ਆਰ.ਐਸ.ਸੀ. ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਿਸ ਵਿੱਚ ਉਹਨਾਂ ਨੇ ਪਲਾਸਟਿਕ ਦੀ ਵਰਤੋਂ ਜਿਆਦਾ ਪੱਧਰ ਤੇ ਵਰਤੋਂ ਵਿੱਚ ਲਿਆਉਣ ਕਰਕੇ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਰਹੀ ਹੈ। ਡਾ. ਜੇ.ਪੀ. ਸਿੰਘ, ਮੁੱਖੀ, ਮਿੱਟੀ ਅਤੇ ਪਾਣੀ ਇੰਜੀਨੀਅਰਇੰਗ ਨੇ ਆਏ ਮਹਿਮਾਨਾਂ ਨੂੰ ਪਲਾਸਟਿਕ ਨੂੰ ਵਰਤੋਂ ਨਾ ਕਰਨ ਦੀ ਸਹੁੰ ਚੁਕਾਈ। ਡਾ. ਸੋਮਪਾਲ, ਪ੍ਰਫੈਸਰ, ਪੀ.ਏ.ਯੂ., ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦਿਵਸ ਤੇ "ਬੀਟ ਪਲਾਸਟਿਕ ਪ੍ਰਦੂਸ਼ਣ" ਸਿਰਲੇਖ ਵਾਲੇ ਲੇਖ ਅਤੇ ਡਰਾਇੰਗ ਮੁਕਾਬਲੇ ਲਈ ਪੁਰਸਕਾਰ ਵੰਡੇ ਗਏ ਅਤੇ ਵੱਡੇ ਪੱਧਰ ਪੱਧਰ ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼ਹੀਦ ਊਧਮ ਸਿੰਘ ਯਾਦਗਾਰੀ ਸਮਾਗਮ ਨੇ ਦਿੱਤਾ ਕਾਰਪੋਰੇਟ ਅਤੇ ਫਾਸ਼ੀ ਹੱਲੇ ਖ਼ਿਲਾਫ ਜੂਝਣ ਦਾ ਸੱਦਾ



**ਜਲੰਧਰ (ਸਤਨਾਮ ਸਿੰਘ ਸਹੁੰਗੜਾ)** ''ਗ਼ਦਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਰੌਸ਼ਨੀ 'ਚ ਦੇਸੀ ਅਤੇ ਬਦੇਸ਼ੀ ਹਰ ਵੰਨਗੀ ਦੇ ਦਾਬੇ, ਗ਼ੁਲਾਮੀ, ਵਿਤਕਰੇ ਅਤੇ ਜ਼ਬਰ ਤੋਂ ਮੁਕਤ, ਆਜ਼ਾਦ, ਖੁਸ਼ਹਾਲ ਅਤੇ ਬਰਾਬਰੀ ਦੀ ਆਧਾਰਸ਼ਿਲਾ 'ਤੇ ਟਿਕਿਆ ਖ਼ੂਬਸੂਰਤ ਸਮਾਜ ਸਿਰਜਣ ਲਈ ਇਨਕਲਾਬ ਦਾ ਚਿੰਨ੍ਹ ਬਣਕੇ ਚਮਕਦੇ ਊਧਮ ਸਿੰਘ ਤੋਂ ਸਾਡੇ ਸਮਿਆਂ ਦੀ ਜੁਆਨੀ, ਮਜ਼ਦੂਰ ਜਮਾਤ ਅਤੇ ਕਿਰਸਾਨੀ ਨੂੰ ਰੌਸ਼ਨੀ ਲੈਣ ਦੀ ਲੋੜ ਹੈ।''

ਇਹ ਸੁਨੇਹਾ ਦਿੱਤਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅੱਜ ਦੇਸ਼ ਭਗਤ ਯਾਦਗਾਰ ਹਾਲ ਅੰਦਰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਹੋਈ ਵਿਚਾਰ-ਚਰਚਾ ਨੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਊਧਮ ਸਿੰਘ ਕਿਤੇ ਨਹੀਂ ਗਿਆ। ਉਹ ਅੱਜ ਵੀ ਜਿਉਂਦਾ ਹੈ ਵਿਦਿਆਰਥੀਆਂ, ਜੁਆਨੀ ਅਤੇ ਕਿਸਾਨੀ ਦੇ ਘੋਲਾਂ ਵਿੱਚ। ਉਹਨਾਂ ਨੇ ਉਚੇਚਾ ਜ਼ਿਕਰ ਕੀਤਾ ਕਿ ਆਦਿਵਾਸੀ ਬਸਤਰ ਖੇਤਰ ਵਿੱਚ ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਅਨਮੋਲ ਖਜ਼ਾਨਿਆਂ ਉਪਰ ਡਾਕਾ ਮਾਰਨ ਲਈ ਦੇਸੀ ਬਦੇਸ਼ੀ ਕਾਰਪੋਰੇਟ ਘਰਾਣੇ ਨਿਸੰਗ ਹੱਲਾ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਰੇਆਮ ਇਹ ਐਲਾਨ ਕੀਤਾ ਜਾ ਰਿਹਾ ਹੈ ਕਿ ਮਾਰਚ 2026 ਬਾਅਦ ਕੋਈ ਨਕਸਲਬਾੜੀ, ਮਾਓਵਾਦ ਭਾਵ ਕਮਿਊਨਿਸਟ ਇਨਕਲਾਬੀਆਂ ਦਾ ਨਾਮੋ ਨਿਸ਼ਾਨ ਨਹੀਂ ਰਹਿਣ ਦਿੱਤਾ ਜਾਏਗਾ ਤਾਂ ਭਾਜਪਾ ਹਕੂਮਤ ਦੇ ਅਜੇਹੇ ਫ਼ਾਸ਼ੀ ਹੱਲੇ ਦਾ ਜਨਤਕ ਟਾਕਰਾ ਕਰਨ ਲਈ ਸ਼ਹੀਦ ਊਧਮ ਸਿੰਘ ਵਰਗੀ ਮਚਲਦੀ ਭਾਵਨਾ ਵਿਸ਼ਾਲ ਲੋਕਾਈ 'ਚ ਲਿਜਾਣ ਦੀ ਲੋੜ ਹੈ। ਉਹਨਾਂ ਚੌਕਸ ਕੀਤਾ ਕਿ ਇਹ ਹੱਲਾ ਹੱਕ, ਸੱਚ, ਇਨਸਾਫ਼ ਦੀ ਸੰਘੀ ਨੱਪਣ ਲਈ ਭਵਿੱਖ 'ਚ ਹੋਰ ਵਿਆਪਕ ਅਤੇ ਤਿੱਖਾ ਹੋਏਗਾ।

ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਵਿਦਿਆਰਥੀ ਜੀਵਨ ਤੋਂ ਲੈ ਕੇ ਕਿਸਾਨ ਸੰਘਰਸ਼ ਤੱਕ ਦੇ ਸਫ਼ਰ 'ਚ ਊਧਮ ਸਿੰਘ ਦੀ ਰੌਸ਼ਨ ਭਾਵਨਾ ਤੋਂ ਬਹੁਤ ਕੁੱਝ ਸਿਖਦਿਆਂ ਵਿਦਿਆਰਥੀਆਂ ਨੂੰ ਕਿਹਾ ਕਿ ਉਹਨਾਂ ਨੂੰ ਆਪਣੇ ਸਿਲੇਬਸ ਦੇ ਨਾਲ ਨਾਲ ਜ਼ਿੰਦਗੀ ਦੇ ਸਫ਼ਰ ਦਾ ਸਿਲੇਬਸ ਵੀ ਪੜ੍ਹਨ ਅਤੇ ਅਧਿਐਨ ਕਰਨ ਦੀ ਲੋੜ ਹੈ।

ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਊਧਮ ਸਿੰਘ ਦੇ ਹਵਾਲੇ ਨਾਲ ਗ਼ਦਰ ਲਹਿਰ ਅਤੇ ਸਮੁੱਚੀ ਇਨਕਲਾਬੀ ਤਵਾਰੀਖ਼ ਦਾ ਪ੍ਰਸੰਗ ਸਾਂਝਾ ਕੀਤਾ। ਉਹਨਾਂ ਕਿਹਾ ਕਿ ਊਧਮ ਸਿੰਘ ਗ਼ਦਰ ਲਹਿਰ ਦੀ ਨਿਰੰਤਰ ਲੜੀ ਅਤੇ ਕੜੀ ਦਾ ਨਗੀਨਾ ਸੀ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਵੀ ਚੇਤਨਾ, ਜਾਗਰਤੀ ਅਤੇ ਕੁਰਬਾਨੀ ਦਾ ਚਾਨਣ ਹਾਸਲ ਕਰਦੀਆਂ ਰਹਿਣਗੀਆਂ।

ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਊਧਮ ਸਿੰਘ ਦੇ ਸੰਗਰਾਮੀ ਸਫ਼ਰ ਦੀਆਂ ਪੈੜਾਂ ਵਿਚੋਂ ਸਾਨੂੰ ਗ਼ਦਰੀ ਗੁਲਾਬ ਕੌਰ ਦੀ ਸ਼ਤਾਬਦੀ ਦੀਆਂ ਪੈੜਾਂ ਵੀ ਪੜ੍ਹਨ ਦੀ ਲੋੜ ਹੈ ਕਿਉਂਕਿ ਕੋਈ ਵੀ ਲੋਕ-ਲਹਿਰ ਔਰਤਾਂ-ਮਰਦਾਂ ਦੇ ਮੋਢੇ ਸੰਗ ਮੋਢਾ ਜੋੜਕੇ ਤੁਰਨ ਨਾਲ ਹੀ ਸਫ਼ਲਤਾ ਦਾ ਮੁਕਾਮ ਹਾਸਲ ਕਰ ਸਕਦੀ ਹੈ। ਉਹਨਾਂ ਕਿਹਾ ਕਿ ਦਿੱਲੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਕੇ, ਅਸਹਿ ਤਸ਼ੱਦਦ ਢਾਹਿਆ ਜਾਣਾ ਇਹ ਦਰਸਾਉਂਦਾ ਹੈ ਕਿ ਊਧਮ ਸਿੰਘ ਨੂੰ ਅੱਜ ਵੀ ਕੋਹਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੁਲਹਿਣੀਆਂ ਹਨੇਰੀਆਂ 'ਚ ਆਮ ਲੋਕਾਂ ਦੇ ਘਰ ਸੁਰੱਖਿਅਤ ਨਹੀਂ ਰਿਹਾ ਕਰਦੇ, ਇਹ ਸੁਨੇਹਾ ਹੈ ਸਮਾਗਮ ਦਾ।

ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਊਧਮ ਸਿੰਘ ਦੇ ਜੀਵਨ ਝਰੋਖੇ ਨਾਲ ਮੇਲ ਖਾਂਦੀਆਂ ਕਵਿਤਾਵਾਂ ਦਾ ਹਵਾਲਾ ਦਿੰਦੇ ਹੋਏ ਉਸਦੀ ਲਾਸਾਨੀ ਕੁਰਬਾਨੀ ਨੂੰ ਮਨ ਦੀ ਡਾਇਰੀ 'ਤੇ ਲਿਖ ਰੱਖਣ ਅਤੇ ਅਮਲ ਦੇ ਚਿਰਾਗ਼ ਬਣਨ ਦਾ ਸੱਦਾ ਦਿੱਤਾ।

ਕਮੇਟੀ ਮੈਂਬਰ ਰਣਜੀਤ ਸਿੰਘ ਔਲਖ ਨੇ ਸਮਾਗਮ ਸਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਨੂੰ ਊਧਮ ਸਿੰਘ ਵਰਗਿਆਂ ਦੀ ਦੇਣ ਤੋਂ ਸਬਕ ਲੈਣ ਦੀ ਲੋੜ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੂੰ ਸਿਰਫ਼ ਬਦਲੇ ਤੱਕ ਸੀਮਤ ਕਰਨਾ ਉਸਦੀ ਅਮਿੱਟ ਦੇਣ ਨਾਲ ਇਨਸਾਫ਼ ਨਹੀਂ। ਕਿਉਂਕਿ ਅਸਲ 'ਚ ਊਧਮ ਸਿੰਘ ਬਦਲੇ ਦਾ ਨਹੀਂ ਸਗੋਂ ਬਦਲਾਅ ਦਾ ਚਿੰਨ੍ਹ ਹੈ। ਉਹਨਾਂ ਕਿਹਾ ਕਿ ਇੰਗਲੈਂਡ, ਅਮਰੀਕਾ ਅਤੇ ਸਮੁੱਚੇ ਵਿਸ਼ਵ ਵਿਆਪੀ ਕਾਰਪੋਰੇਟ ਘਰਾਣਿਆਂ ਨਾਲ ਸੰਧੀਆਂ ਦੇ ਨਾਂਅ 'ਤੇ ਜਿਵੇਂ ਮੁਲਕ ਵੇਚੂ, ਲੋਕ-ਵੇਚੂ ਸੌਦੇ ਕੀਤੇ ਜਾ ਰਹੇ ਨੇ ਇਹ ਭਵਿੱਖ ਵਿੱਚ ਮੁਲਕ ਦੇ ਲੋਕਾਂ ਦੇ ਸਭਨਾਂ ਸਾਧਨਾਂ ਅਤੇ ਜ਼ਿੰਦਗੀਆਂ ਨਾਲ ਖਿਲਵਾੜ ਕਰਨਾ ਹੈ, ਜਿਸ ਬਾਰੇ ਜਾਗਰੂਕ ਹੋਣਾ ਸਮੇਂ ਦੀ ਲੋੜ ਹੈ।ਵਿਚਾਰ-ਚਰਚਾ 'ਚ ਸੱਦਾ ਦਿੱਤਾ ਗਿਆ ਕਿ ਪਹਿਲੀ ਨਵੰਬਰ ਦਾ ਮੇਲਾ ਗ਼ਦਰੀ ਬਾਬਿਆਂ ਦਾ ਜੋ ਕਿ ਬੀਬੀ ਗੁਲਾਬ ਕੌਰ ਸ਼ਤਾਬਦੀ ਨੂੰ ਸਮਰਪਤ ਹੈ ਉਸਨੂੰ ਸਫ਼ਲ ਕਰਨ ਲਈ ਹੁਣ ਤੋਂ ਹੀ ਜ਼ੋਰਦਾਰ ਮੁਹਿੰਮ ਛੇੜਨ ਦੀ ਲੋੜ ਹੈ। ਸਮਾਗਮ ਨੇ ਲੈਂਡ ਪੂਲਿੰਗ ਵਰਗੀਆਂ ਨੀਤੀਆਂ ਮੜ੍ਹਕੇ ਜ਼ਬਰੀ ਜ਼ਮੀਨਾਂ ਹਥਿਆਉਣ ਵਰਗੀਆਂ ਨੀਤੀਆਂ ਵਾਪਸ ਲੈਣ ਦੀ ਭਾਵਨਾ ਦਾ ਵੀ ਪ੍ਰਗਟਾਵਾ ਕੀਤਾ।

## ਸਮਨਦੀਪ ਮਹਿਮੀ ਪੰਜਵੀਂ ਵਾਰ ਆਇਆ ਜ਼ਿਲ੍ਹੇ ਭਰ 'ਚੋਂ ਅੱਵਲ



**ਫਿਲੌਰ/ਅੱਪਰਾ (ਦੀਪਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਬੀਤੇ ਦਿਨੀਂ ਬੀ. ਬੀ. ਏ. ਸਮੈਸਟਰ ਛੇਵਾਂ ਦਾ ਨਤੀਜਾ ਐਲਾਨਿਆ ਗਿਆ । ਨਜ਼ਦੀਕੀ ਪਿੰਡ ਸਮਰਾੜੀ ਦੇ ਰਹਿਣ ਵਾਲੇ ਅਧਿਆਪਕ ਅਸ਼ੋਕ ਮਹਿਮੀ ਦੇ ਹੋਣਹਾਰ ਬੇਟੇ ਸਮਨਦੀਪ ਮਹਿਮੀ ਨੇ ਇਸ ਵਾਰ ਫਿਰ ਬਾਜ਼ੀ ਮਾਰ ਲਈ ਹੈ । ਪ੍ਰਾਪਤ ਵੇਰਵਿਆਂ ਅਨੁਸਾਰ ਅਮਰਦੀਪ ਸਿੰਘ ਸ਼ੇਰਗਿੱਲ ਕਾਲਜ ਮੁਕੰਦਪੁਰ ਦੇ ਵਿਦਿਆਰਥੀ ਸਮਨਦੀਪ ਮਹਿਮੀ ਨੇ 73.3 ਫ਼ੀਸਦੀ ਅੰਕ ਹਾਸਲ ਕਰ ਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ । ਜ਼ਿਕਰਯੋਗ ਹੈ ਕਿ ਸਮਨਦੀਪ ਮਹਿਮੀ ਹੁਣ ਤੱਕ ਬੀ.ਬੀ.ਏ. ਦੇ ਛੇ ਸਮੈਸਟਰ 'ਚੋਂ ਪਹਿਲਾਂ ਵੀ ਚਾਰ ਵਾਰ ਜ਼ਿਲ੍ਹੇ ਭਰ 'ਚੋਂ ਅੱਵਲ ਰਹਿ ਕੇ ਅਮਰਦੀਪ ਸਿੰਘ ਸ਼ੇਗਿੱਲ ਕਾਲਜ ਮੁਕੰਦਪੁਰ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰ ਚੁੱਕਾ ਹੈ ਅਤੇ ਸਮਨਦੀਪ ਨੇ ਇਸ ਵਾਰ ਵੀ ਆਪਣੇ ਅਧਿਆਪਕਾਂ ਦੀ ਮਿਹਨਤ ਅਤੇ ਆਪਣੀ ਮਿਹਨਤ ਸਦਕਾ ਪੰਜਵੀਂ ਵਾਰ ਫਿਰ ਇਸ ਮੁਕਾਮ ਨੂੰ ਹਾਸਲ ਕੀਤਾ ਹੈ ।

## ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ ਵਿਖੇ ਨੇਤਰਹੀਣ ਫੁੱਟਬਾਲ ਟੂਰਨਾਮੈਂਟ ਅੱਜ ਤੋਂ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੜਕਿਆਂ ਦੇ ਉੱਤਰੀ ਅਤੇ ਕੇਂਦਰੀ ਜੋਨ ਦੇ ਫੁੱਟਬਾਲ ਖੇਡ ਮੁਕਾਬਲੇ ਦੂਜੀ ਵਾਰ ਪੰਜਾਬ ਵਿੱਚ ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ ਲੁਧਿਆਣਾ ਵਿਖੇ ਮਿਤੀ 1, 2 ਅਤੇ 3 ਅਗਸਤ ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਕਰਵਾਏ ਜਾ ਰਹੇ ਹਨ । ਟੂਰਨਾਮੈਂਟ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਚੀਮਾ ਅਤੇ ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਦੇ ਮੈਨੇਜਰ ਕਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਅਗਸਤ ਦਿਨ ਸ਼ੁਕਰਵਾਰ ਨੂੰ ਸਵੇਰੇ 9 ਵਜੇ ਸ਼੍ਰੀ ਸੰਜੀਵ ਅਰੋੜਾ ਕੈਬਨਿਟ ਮੰਤਰੀ ਪੰਜਾਬ ਟੂਰਨਾਮੈਂਟ ਦਾ ਉਦਘਾਟਨ ਕਰਨਗੇ । 3 ਅਗਸਤ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਸ੍ਰ: ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਪੰਜਾਬ ਆਪਣੇ ਕਰ-ਕਮਲਾਂ ਦੁਆਰਾ ਜੇਤੂ ਟੀਮਾਂ ਨੂੰ ਇਨਾਮ ਵੰਡਣਗੇ । ਸ੍ਰ: ਦਲਜੀਤ ਸਿੰਘ ਗਰੇਵਾਲ (ਭੋਲਾ) ਐਮ.ਐਲ.ਏ., ਪ੍ਰਿੰਸੀਪਲ ਇੰਦਰਜੀਤ ਕੌਰ ਮੇਅਰ ਨਗਰ ਨਿਗਮ ਲੁਧਿਆਣਾ ਅਤੇ ਹੋਰ ਮਹਿਮਾਨ ਇਸ ਸ਼ੁੱਭ ਅਵਸਰ ਤੇ ਸ਼ਮੂਲੀਅਤ ਕਰਕੇ ਖੇਡਾਂ ਨੂੰ ਚਾਰ ਚੰਨ ਲਾਉਣਗੇ । ਸ੍ਰ: ਚੀਮਾ ਤੇ ਮੈਨੇਜਰ ਕਰਨੈਲ ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਕੀਮਤੀ ਸਮੇਂ ਵਿੱਚੋਂ ਥੋੜ੍ਹਾ ਸਮਾਂ ਕੱਢ ਕੇ ਨੇਤਰਹੀਨਾਂ ਦੀਆਂ ਹੋ ਰਹੀਆਂ ਖੇਡਾਂ ਵਿੱਚ ਸ਼ਾਮਲ ਹੋ ਕੇ ਉਹਨਾਂ ਦੇ ਉਜਵਲ ਭਵਿੱਖ ਲਈ ਉਹਨਾਂ ਨੂੰ ਆਪਣਾ ਅਸ਼ੀਰਵਾਦ ਦੇ ਕੇ ਹੌਸਲਾ ਅਫ਼ਜ਼ਾਈ ਕਰੋ ।

# ਲੈਂਡ ਪੂਲਿਗ ਪਾਲਸੀ ਵਿਰੁੱਧ ਬੀਕੇਯੂ ਪੰਜਾਬ ਦੀ ਜਲੰਧਰ ਇਕਾਈ ਦੇ ਸੈਂਕੜੇ ਕਿਸਾਨ ਆਗੂ, ਟਰੈਕਟਰਾਂ ਸਮੇਤ ਮਾਰਚ ਵਿਚ ਹੋਏ ਸ਼ਾਮਿਲ

## ਕਿਸਾਨ ਮਾਰੂ ਪਾਲਸੀ ਨੂੰ ਤੁਰੰਤ ਵਾਪਸ ਲਵੇ ਪੰਜਾਬ ਸਰਕਾਰ - ਲਖਵੀਰ ਸਿੰਘ ਗੋਬਿੰਦਪੁਰ







ਲੈਂਡ ਪੂਲਿਗ ਪਾਲਸੀ ਖ਼ਿਲਾਫ਼ ਪ੍ਰਦਰਸ਼ਨ ਕਰਦੇ ਕਿਸਾਨ ਆਗੂ ਅਤੇ ਮਾਰਚ ਵਿੱਚ ਸ਼ਾਮਲ ਸੈਂਕੜੇ ਟਰੈਕਟਰਾ ਦਾ ਵਿਸ਼ਾਲ ਕਾਫ਼ਲਾ।

**ਮਹਿਤਪੁਰ ਜੁਲਾਈ (ਹਰਜਿੰਦਰ ਸਿੰਘ ਚੰਦੀ)-** ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦਿਆਂ ਬੀਕੇਯੂ ਪੰਜਾਬ ਦੀ ਜ਼ਿਲ੍ਹਾ ਇਕਾਈ ਵੱਲੋਂ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੀਆਂ ਹਦਾਇਤਾਂ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੇ ਲੈਂਡ ਪੂਲਿਗ ਪਾਲਸੀ ਵਿਰੁੱਧ ਵਿਸ਼ਾਲ ਟਰੈਕਟਰ ਮਾਰਚ ਕਰਦਿਆਂ ਪਿੰਡ ਬਾਗੀ ਵਾਲ ਤੋਂ ਲੈ ਕੇ ਸ਼ੂਗਰ ਮਿੱਲ ਨਕੋਦਰ ਤੱਕ ਰੋਸ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਜਲੰਧਰ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਦੀ ਅਗਵਾਈ ਹੇਠ ਪਿੰਡ ਬਾਗੀ ਵਾਲ ਵਿਖੇ ਇਲਾਕੇ ਦੇ ਕਿਸਾਨ ਸੈਂਕੜੇ ਟਰੈਕਟਰਾ ਤੇ ਯੂਨੀਅਨ ਦੇ ਝੰਡੇ ਲਗਾ ਸਮੇਤ ਸਵੇਰ ਤੋਂ ਇਕੱਤਰ ਹੋ ਗਏ ਸਨ। ਜੁਝਾਰੂ ਯੋਧਿਆਂ ਦਾ ਹੱਕ ਦੀ ਲੜਾਈ ਲਈ ਨਿਤਿਆ ਤਕਰੀਬਨ 10 ਕਿਲੋਮੀਟਰ ਲੰਮਾ ਇਹ ਕਾਫ਼ਲਾ ਪੂਰੀ ਸ਼ਾਨੋ ਸ਼ੌਕਤ ਨਾਲ ਪਿੰਡ ਬਾਗੀ ਵਾਲ ਤੋਂ ਮਹਿਤਪੁਰ ਵੱਲ ਵਾਇਆ ਲੋਹਗੜ੍ਹ ਰਵਾਨਾ ਹੋਇਆ। ਅਤੇ ਲੈਂਡ ਪੂਲਿਗ ਪਾਲਸੀ ਦਾ ਜਬਰਦਸਤ ਵਿਰੋਧ ਕਰਦੀਆਂ ਤਕਰੀਰਾਂ ਨਾਲ ਬੀਕੇਯੂ ਪੰਜਾਬ ਦੇ ਆਗੂਆਂ ਨੇ ਸਰਕਾਰ ਨੂੰ ਮੂੰਹ ਤੋੜ ਜਵਾਬ ਦਿੱਤਾ। ਸ਼ੂਗਰ ਮਿੱਲ ਨਕੋਦਰ ਅੰਤਿਮ ਪੜਾਅ ਤੇ ਪੁੱਜ ਕੇ ਪ੍ਰੈਸ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਨਰਿੰਦਰ ਸਿੰਘ ਕੋਰ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਤਹਿਸੀਲ ਪ੍ਰਧਾਨ ਗੁਰਦੀਪ ਸਿੰਘ, ਮਹਿੰਦਰ ਸਿੰਘ, ਤਜਿੰਦਰਪਾਲ ਸਿੰਘ ਸਿੱਧੂ ਅਤੇ ਸੂਬਾ ਪ੍ਰੈੱਸ ਸਕੱਤਰ ਹਰਜਿੰਦਰ ਚੰਦੀ ਵੱਲੋਂ ਪੰਜਾਬ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿਗ ਪਾਲਸੀ ਦਾ ਵਿਰੋਧ ਕਰਦਿਆਂ ਆਖਿਆ ਕਿ ਇਹ ਪਾਲਸੀ ਕਿਸਾਨ ਮਾਰੂ ਹੈ ਅਸੀਂ ਇਸ ਦਾ ਪੁਰਜੋਰ ਵਿਰੋਧ ਕਰਦੇ ਹਾਂ। ਪੰਜਾਬ ਸਰਕਾਰ ਇਸ ਪਾਲਸੀ ਨੂੰ ਆਪਣੇ ਚਹੇਤਿਆਂ ਦੀਆਂ ਜ਼ਮੀਨਾਂ ਵਿਚ ਲਾਗੂ ਕਰੇ ਆਮ ਲੋਕਾਂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਹਰ ਹਾਲਤ ਵਿੱਚ ਪੰਜਾਬ ਸਰਕਾਰ ਨੂੰ ਇਹ ਪਾਲਸੀ ਵਾਪਸ ਲੈਣੀ ਪਵੇਗੀ। ਇਸ ਨੂੰ ਤੁਰੰਤ ਰੱਦ ਕੀਤਾ ਜਾਵੇ। ਇਸ ਤਰ੍ਹਾਂ ਪੂਰੇ ਅਨੁਸ਼ਾਸਨ ਦੀ ਪਾਲਣਾ ਕਰਦੇ ਹੋਏ ਸ਼ਾਂਤਮਈ ਢੰਗ ਨਾਲ ਇਹ ਰੋਸ ਮਾਰਚ ਸਮਾਪਤ ਕੀਤਾ ਗਿਆ। ਕਿਸਾਨ ਆਗੂਆਂ ਨੇ ਆਖਿਆ ਸਮਾਪਤੀ ਅੱਜ ਦੇ ਟਰੈਕਟਰ ਮਾਰਚ ਦੀ ਹੈ ਸੰਘਰਸ਼ ਦੀ ਨਹੀ ਸੰਘਰਸ਼ ਜਿੱਤ ਦੇ ਜਸ਼ਨ ਤੱਕ ਜਾਰੀ ਰਹੇਗਾ। ਇਸ ਮੌਕੇ ਨਰਿੰਦਰ ਸਿੰਘ ਬਾਜਵਾ ਕੋਰ ਕਮੇਟੀ ਮੈਂਬਰ ਪੰਜਾਬ, ਲਖਵੀਰ ਸਿੰਘ ਗੋਬਿੰਦਪੁਰ ਜ਼ਿਲਾਂ ਪ੍ਰਧਾਨ ਜਲੰਧਰ, ਹਰਜਿੰਦਰ ਸਿੰਘ ਚੰਦੀ ਪ੍ਰੈਸ ਸਕੱਤਰ ਪੰਜਾਬ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਜਲੰਧਰ, ਜਗਦੀਸ਼ ਸਿੰਘ ਪ੍ਰਚਾਰ ਸਕੱਤਰ, ਮਹਿੰਦਰ ਪਾਲ ਸਿੰਘ ਤਹਿਸੀਲ ਪ੍ਰਧਾਨ, ਗੁਰਦੀਪ ਸਿੰਘ ਤਹਿਸੀਲ ਪ੍ਰਧਾਨ, ਤਜਿੰਦਰਪਾਲ ਸਿੰਘ ਸਿੱਧੂ ਸਰਪੰਚ, ਇਕਬਾਲ ਸਿੰਘ ਜਨਰਲ ਸਕੱਤਰ, ਗੁਰਮੀਤ ਸਿੰਘ ਉਮਰੇ ਵਾਲ, ਹਰਮਨਪ੍ਰੀਤ ਸਿੰਘ ਆਦਰਮਾਨ ਬਲਾਕ ਪ੍ਰਧਾਨ ਮਹਿਤਪੁਰ, ਗੁਰਮੁਖ ਸਿੰਘ ਬਲਾਕ ਪ੍ਰਧਾਨ ਸ਼ਾਹਕੋਟ, ਰਣਜੀਤ ਸਿੰਘ ਕੋਹਾੜ ਬਲਾਕ ਮੀਤ ਪ੍ਰਧਾਨ (ਯੂਥ) ਬਲਵੰਤ ਸਿੰਘ ਜ਼ਿਲ੍ਹਾ ਖਜਾਨਚੀ, ਮਹਿੰਦਰ ਸਿੰਘ ਬਲਾਕ ਪ੍ਰਧਾਨ ਨੂਰਮਹਿਲ, ਹਰਭਜਨ ਸਿੰਘ ਜਨਰਲ ਸਕੱਤਰ ਨੂਰਮਹਿਲ, ਗੁਰਮੁਖ ਸਿੰਘ ਇਕਾਈ ਪ੍ਰਧਾਨ ਬੁਰਜ਼ ਹਸਨ, ਇਕਬਾਲ ਸਿੰਘ ਮੰਡਿਆਲਾ ਇਕਾਈ ਪ੍ਰਧਾਨ, ਬਲਦੇਵ ਸਿੰਘ ਮਧੇਪੁਰਾ, ਪ੍ਰਦੀਪ ਸਿੰਘ ਬਿੱਲੋ,ਦਵਿੰਦਰ ਸਿੰਘ ਗੋਪੀ ਇਕਾਈ ਪ੍ਰਧਾਨ, ਜਗਜੀਤ ਸਿੰਘ ਇਕਾਈ ਪ੍ਰਧਾਨ ਬਘੇਲਾ, ਕੁਲਵੰਤ ਸਿੰਘ ਇਕਾਈ ਪ੍ਰਧਾਨ ਵੇਹਰਾ, ਸੰਤੋਖ ਸਿੰਘ ਇਕਾਈ ਪ੍ਰਧਾਨ ਗੋਸੂਵਾਲ, ਨਿਰਮੋਹ ਸਿੰਘ ਇਕਾਈ ਪ੍ਰਧਾਨ ਪਰਜੀਆ, ਨਗਿੰਦਰ ਸਿੰਘ ਇਕਾਈ ਪ੍ਰਧਾਨ ਪਰਜੀਆ ਕਲਾਂ, ਪਰਮਜੀਤ ਸਿੰਘ ਇਕਾਈ ਪ੍ਰਧਾਨ ਨਰੰਗਪੁਰ, ਸੁਖਵੀਰ ਸਿੰਘ ਬਲਾਕ ਮੀਤ ਪ੍ਰਧਾਨ ਮਹਿਤਪੁਰ, ਅਸ਼ੋਕ ਕੁਮਾਰ ਇਕਾਈ ਪ੍ਰਧਾਨ ਰਾਏਪੁਰ ਅਰਾਈਆ, ਸਤਵੀਰ ਸਿੰਘ ਇਕਾਈ ਪ੍ਰਧਾਨ ਰਾਏਪੁਰ ਗੁਜਰਾਂ, ਬਲਵੰਤ ਸਿੰਘ ਇਕਾਈ ਪ੍ਰਧਾਨ ਬੂਟੇ ਦੀਆਂ ਛੰਨਾ, ਸਤਨਾਮ ਸਿੰਘ ਮਹਿਤਪੁਰ ਇਕਾਈ ਪ੍ਰਧਾਨ, ਸਤਨਾਮ ਸਿੰਘ ਇਕਾਈ ਪ੍ਰਧਾਨ ਝੁਗੀਆਂ, ਸਤਨਾਮ ਸਿੰਘ ਇਕਾਈ ਪ੍ਰਧਾਨ ਖੈਹਿਰਾ, ਭੁਪਿੰਦਰ ਸਿੰਘ ਇਕਾਈ ਪ੍ਰਧਾਨ ਕੰਨੀਆਂ, ਗੁਰਬਖਸ਼ ਸਿੰਘ ਇਕਾਈ ਪ੍ਰਧਾਨ ਆਦਰਮਾਨ ਡੇਰਾ, ਜਸਵੰਤ ਸਿੰਘ ਇਕਾਈ ਪ੍ਰਧਾਨ ਬਾਗੀਵਾਲ, ਲਾਡੀ ਲਹੋਰੀਆ ਇਕਾਈ ਪ੍ਰਧਾਨ ਬਾਗੀ ਵਾਲ ਖ਼ੁਰਦ, ਦਵਿੰਦਰ ਸਿੰਘ ਹੁੰਦਲ ਕਿਸਾਨ ਆਗੂ, ਗੁਰਚਰਨ ਸਿੰਘ ਇਕਾਈ ਪ੍ਰਧਾਨ ਬਾਗੀਆਂ, ਗੁਰਮੀਤ ਸਿੰਘ ਇਕਾਈ ਪ੍ਰਧਾਨ ਬਲੀਪੁਰ, ਸੁਰਿੰਦਰ ਸਿੰਘ ਇਕਾਈ ਪ੍ਰਧਾਨ ਬਿਹਾਰੀ ਪੁਰ ਪਰਜੀਆ, ਗਾਗੀ ਇਕਾਈ ਪ੍ਰਧਾਨ ਸੰਗੋਵਾਲ, ਦਰਬਾਰਾ ਸਿੰਘ ਇਕਾਈ ਪ੍ਰਧਾਨ ਸਾਰਗਵਾਲ, ਬਲਵਿੰਦਰ ਸਿੰਘ ਇਕਾਈ ਪ੍ਰਧਾਨ ਕਾਗਣਾ, ਪ੍ਰਿਤਪਾਲ ਸਿੰਘ ਇਕਾਈ ਪ੍ਰਧਾਨ ਉਮਰੇ ਵਾਲ, ਕੁਲਦੀਪ ਸਿੰਘ ਵੇਹਰਾ, ਜਗਤਾਰ ਸਿੰਘ ਇਕਾਈ ਪ੍ਰਧਾਨ ਦਾਨੇਵਾਲ, ਸੁਖਦੇਵ ਸਿੰਘ ਇਕਾਈ ਪ੍ਰਧਾਨ ਬੀਰ ਪਿੰਡ, ਸਤਨਾਮ ਸਿੰਘ ਪੰਨੂ ਇਕਾਈ ਪ੍ਰਧਾਨ ਬੱਗਾ, ਜਸਪ੍ਰੀਤ ਸਿੰਘ ਇਕਾਈ ਪ੍ਰਧਾਨ ਰੁੜਕੀ, ਬਲਵਿੰਦਰ ਸਿੰਘ ਇਕਾਈ ਪ੍ਰਧਾਨ ਡੱਲਾ, ਜਗੀਰ ਸਿੰਘ ਇਕਾਈ ਪ੍ਰਧਾਨ ਸ਼ਾਹਪੁਰ, ਸਰਬਜੀਤ ਸਿੰਘ ਇਕਾਈ ਪ੍ਰਧਾਨ ਮਹਿਤਪੁਰ, ਬਲਜੀਤ ਸਿੰਘ ਸਰਪੰਚ ਇਕਾਈ ਪ੍ਰਧਾਨ ਦਰਿਆ ਵਾਲੇ ਬਿੱਲੇ, ਅੰਮ੍ਰਿਤਪਾਲ ਸਿੰਘ ਖੈਹਿਰਾ, ਰਣਜੀਤ ਸਿੰਘ ਇਕਾਈ ਪ੍ਰਧਾਨ ਸਿੰਗਾਪੁਰ ਆਦਿ ਕਿਸਾਨ ਆਗੂ ਹਾਜ਼ਰ ਸਨ।

# ਜਮਾਲਪੁਰ ਵਾਸੀ ਨਾਮੀ ਗਰੇਵਾਲ ਭਰਾਵਾਂ ਨੇ "ਪਲਾਜ਼ੋ ਬਾਏ ਗਰੇਵਾਲ" ਦੀ ਕੀਤੀ ਸ਼ੁਰੂਆਤ

## ਹਲਕੇ ਦੇ ਵਿੱਚ ਪਹਿਲੇ ਡਰਾਈਵ ਥਰੂ ਬਰਗਰ ਕਿੰਗ ਦਾ ਕੀਤਾ ਉਦਘਾਟਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਚੰਡੀਗੜ੍ਹ ਰੋਡ ਜਮਾਲਪੁਰ ਦੇ ਨੇੜਲੇ ਇਲਾਕੇ ਪੁਲਿਸ ਕਲੋਨੀ ਚੌਂਕ ਵਿਖੇ ਗਰੇਵਾਲ ਭਰਾਵਾਂ ਦੇ ਵੱਲੋਂ ਪਲਾਜੋ ਬਾਏ ਗਰੇਵਾਲ ਦੀ ਸ਼ੁਰੂਆਤ ਕਰਦਿਆਂ ਅੱਜ ਬਰਗਰ ਕਿੰਗ ਦਾ ਉਦਘਾਟਨ ਕੀਤਾ ਗਿਆ। ਦੱਸ ਦਈਏ ਕਿ ਆਲੇ ਦੁਆਲੇ ਦਾ ਪੌਸ਼ ਏਰੀਆ ਹੋਣ ਦੇ ਚੱਲਦਿਆਂ ਲੋਕ ਵੀ ਲੰਬੇ ਸਮੇਂ ਤੋਂ ਇਸ ਦੀ ਉਡੀਕ ਕਰ ਰਹੇ ਸਨ ਜਦਕਿ ਗਰੇਵਾਲ ਪਰਿਵਾਰ ਨੇ ਇਸਦੇ ਵਿੱਚ ਪਹਿਲ ਕਦਮੀ ਕਰਦੇ ਹੋਏ ਇਸ ਇਲਾਕੇ ਦੇ ਵਿੱਚ ਪਹਿਲਾ ਡਰਾਈਵ ਥਰੂ ਬਰਗਰ ਕਿੰਗ ਖੋਲ ਕੇ ਖਾਣ-ਪੀਣ ਦੀ ਸ਼ੌਕੀਨ ਖਾਸ ਕਰ ਨੌਜਵਾਨ ਪੀੜ੍ਹੀ ਨੂੰ ਵੱਡਾ ਤੋਹਫਾ ਦਿੱਤਾ



ਹੈ। ਜਿਸਦਾ ਉਦਘਾਟਨ ਗੁਰੂ ਸਾਹਿਬ ਦਾ ਓਟ ਆਸਰਾ ਲੈਣ ਤੋਂ ਬਾਅਦ ਬਹੁਤ ਹੀ ਧੂਮ ਧੜੱਕੇ ਦੇ ਨਾਲ ਕਰਦਿਆਂ ਹਰਦੀਪ ਸਿੰਘ ਗਰੇਵਾਲ, ਪਾਲ ਸਿੰਘ ਗਰੇਵਾਲ ਅਤੇ ਪ੍ਰਿਤਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਦੁਨੀਆਂ ਭਰ ਦੀਆਂ ਨਾਮੀ ਕੰਪਨੀਆਂ ਦੇ ਆਊਟਲੈਟ ਇਸ ਦੇ ਵਿੱਚ ਦੇਖਣ ਨੂੰ ਮਿਲਣ-ਗੇ। ਉਹਨਾਂ ਕਿਹਾ ਕਿ ਡਾਕਟਰ ਆਲਮਦੀਪ ਸਿੰਘ ਗਰੇਵਾਲ ਦੀ ਪਲਾਨਿੰਗ ਸੂਝ ਬੂਝ ਅਤੇ ਦੇਖ-ਰੇਖ ਹੇਠ ਤਿਆਰ ਹੋ ਰਹੇ ਇਸ ਪ੍ਰੋਜੈਕਟ ਦੇ ਪੂਰੀ ਤਰ੍ਹਾਂ ਖੁੱਲਣ ਦੇ ਨਾਲ ਇਲਾਕੇ ਦੇ ਲੋਕਾਂ ਨੂੰ ਦੂਰ ਦੁਰਾਡੇ ਦੇ ਸ਼ੌਪਿੰਗ ਮਾਲ ਵਿੱਚ ਨਹੀਂ ਜਾਣਾ ਪਵੇਗਾ। ਬਲਕਿ ਆਪਣੇ ਇਲਾਕੇ ਦੇ ਵਿੱਚ ਹੀ ਬੈਠੇ ਬਿਠਾਏ ਨਾਮੀ ਕੰਪਨੀਆਂ ਦੀਆਂ ਆਈਟਮਾਂ ਮਿਲ ਜਾਣਗੀਆਂ। ਉਹਨਾਂ ਕਿਹਾ ਕਿ ਸਿਰਫ਼ ਇਨਾ ਹੀ ਨਹੀਂ ਐਸੇ ਵੱਡੇ ਪਲਾਜੋ ਖੁੱਲਣ ਦੇ ਨਾਲ ਹਲਕੇ ਦੀ ਸ਼ੋਹਰਤ ਵਿੱਚ ਵੀ ਵਾਧਾ ਹੁੰਦਾ ਹੈ। ਜਿਸ ਦਾ ਅਸਰ ਆਉਣ ਵਾਲੇ ਸਮੇਂ ਦੇ ਵਿੱਚ ਦੇਖਣ ਨੂੰ ਜਰੂਰ ਮਿਲੇਗਾ। ਇਸ ਮੌਕੇ ਗਰੇਵਾਲ ਪਰਿਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਦੇ ਵਿੱਚ ਇਲਾਕੇ ਦੀਆਂ ਨਾਮੀ ਹਸਤੀਆਂ ਮੌਜੂਦ ਸਨ।

# ਪਿੰਡ ਤੂਰਾਂ ਦੇ ਨਜ਼ਦੀਕ ਸਥਿਤ ਪੈਟਰੋਲ ਪੰਪ ਦੇ ਕਰਿੰਦੇ ਨੇ ਦਰੱਖਤ ਨਾਲ ਫਾਹਾ ਲੈ ਕੇ ਕੀਤੀ ਆਤਮਹੱਤਿਆ

**ਫਿਲੌਰ/ਅੱਪਰਾ (ਦੀਪਾ)**-ਸਥਾਨਕ ਅੱਪਰਾ ਤੋਂ ਬੰਗਾ ਰੋ 'ਤੇ ਪਿੰਡ ਤੂਰਾਂ ਦੇ ਨਜ਼ਦੀਕ ਸਥਿਤ ਪੈਟਰੋਲ ਪੰਪ ਦੇ ਕਰਿੰਦੇ ਬੀਤੀ ਰਾਤ ਦਰੱਖਤ ਦੇ ਨਾਲ ਫਾਹਾ ਲਗਾ ਕੇ ਆਤਮਹੱਤਿਆ ਕਰ ਲਈ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਉਸਦੇ ਭਰਾ ਤੇ ਹੋਰ ਰਿਸ਼ਤੇਦਾਰਾਂ ਨੇ ਦੱਸਿਆ ਕਿ ਚੰਦਰਪਾਲ ਸਿੰਘ ਪੁੱਤਰ ਸੋਭਰਾਨ ਵਾਸੀ ਪਿੰਡ ਦੁਗਿਆਨ ਥਾਣਾ ਬਸਰੀਆ ਜਿਲਾ ਇਟਾਵਾ (ਯੂ.ਪੀ) ਪਿਛਲੇ ਲਗਭਗ 1 ਸਾਲ ਤੋਂ ਜਗਜੀਤ ਪੈਟਰੋ ਪੁਆਇੰਟ ਤੂਰਾਂ ਵਿਖੇ ਕੰਮ



ਕਰਦਾ ਸੀ । ਬੀਤੀ ਰਾਤ ਉਸਨੇ ਲਗਊਗ 9-45 ਵਜੇ ਦਰੱਖਤ ਨਾਲ ਟੀ-ਸ਼ਰਟ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ । ਸਬ ਇੰਸਪੈਕਟਰ ਸੁਖਦੇਵ ਸਿੰਘ ਔਲਖ ਚੌਂਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਮ੍ਰਿਕ ਦੀ ਉਮਰ 30 ਸਾਲ ਸੀ ਤੇ ਉਹ ਕੁਆਰਾ ਸੀ । ਉਸਦੇ ਫਾਹਾ ਲੈਣ ਦੇ ਕਾਰਣਾਂ ਦੀ ਜਾਂਚ ਕੀਤੀ ਜਾ ਰਹੀ ਹੈ । ਉਸਦੀ ਮ੍ਰਿਕ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਭੇਜ ਦਿੱਤਾ ਗਿਆ ਹੈ ।

# ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਨੇ ਹਾਸਿਲ ਕੀਤੇ ਰੱਸਾਕਸ਼ੀ, ਕੁਸ਼ਤੀ ਅਤੇ ਰੈਲਿੰਗ ਵਿੱਚੋਂ ਗੋਲਡ ਮੈਡਲ





**(ਸਮਾਜ ਵੀਕਲੀ) ਸੰਦੀਪ ਸਿੰਘ ਬਖੋਪੀਰ:**-ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ ਵਿਖੇ ਹੋਏ ਰੱਸਾਕਸ਼ੀ ਮੁਕਾਬਲਿਆਂ ਵਿੱਚੋਂ ਸਕੂਲ ਦੀਆਂ 17 ਸਾਲ ਲੜਕੀਆਂ ਅਤੇ ਸਕੂਲ ਦੇ 14 ਸਾਲ ਲੜਕਿਆਂ ਦੀਆਂ ਟੀਮਾਂ ਨੇ ਗੋਲਡ ਮੈਡਲ ਹਾਸਲ ਕੀਤੇ ,ਸਕੂਲ ਦੀ 19 ਸਾਲਾਂ ਲੜਕੀਆਂ ਅਤੇ 17 ਸਾਲ ਲੜਕਿਆਂ ਦੀਆਂ ਰੱਸਾਕਸ਼ੀ ਟੀਮਾਂ ਨੇ ਦੂਸਰਾ ਸਥਾਨ ਹਾਸਿਲ ਕਰਕੇ ਦੋ ਸਿਲਵਰ ਮੈਡਲ ਹਾਸਲ ਕੀਤੇ, ਇੱਥੇ ਹੀ ਹੋਏ ਕੁਸ਼ਤੀ ਮੁਕਾਬਲੇ ਵਿੱਚੋਂ ਸਕੂਲ ਦੇ ਵਿਦਿਆਰਥੀਆਂ ਅਸ਼ਮੀਤ ਸਿੰਘ ਨੇ 92 ਕਿਲੋ ਵਜ਼ਨ ਵਿੱਚੋਂ ਗੋਲਡ ਮੈਡਲ ਹਾਸਿਲ ਕੀਤਾ, ਮਨਰੀਤ ਸਿੰਘ ਨੇ 90 ਕਿਲੋ ਵਜ਼ਨ ਵਿੱਚ ਖੇਡਦਿਆਂ ਹੋਇਆਂ ਦੂਸਰਾ ਗੋਲਡ ਮੈਡਲ ਹਾਸਲ ਕੀਤਾ, ਸਰਕਾਰੀ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਭਵਾਨੀਗੜ੍ਹ ਵਿਖੇ ਹੋਏ ਬੌਕਸਿੰਗ ਮੁਕਾਬਲਿਆਂ ਵਿੱਚੋਂ ਵੀ ਮਨਪ੍ਰੀਤ ਸਿੰਘ ਨੇ 52 ਕਿਲੋ ਵਜ਼ਨ ਵਿੱਚ ਖੇਡਦਿਆਂ ਗੋਲਡ ਮੈਡਲ ਹਾਸਿਲ ਕੀਤਾ ਕੁੱਲ ਮਿਲਾ ਕੇ ਦੋ ਦਿਨਾਂ ਵਿੱਚ ਜੋਨ ਪੱਧਰੀ ਖੇਡ ਮੁਕਾਬਲਿਆਂ ਵਿੱਚੋਂ ਦੀਵਾਨ ਟੋਡਰਮੱਲ ਪਬਲਿਕ ਸਕੂਲ ਕਾਕੜਾ ਨੇ 5 ਗੋਲਡ ਮੈਡਲ ਦੋ ਸਿਲਵਰ ਮੈਡਲ ਹਾਸਿਲ ਕੀਤੇ। ਉਪਰੋਕਤ ਪ੍ਰਾਪਤੀਆਂ ਸਬੰਧੀ ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਵੱਲੋਂ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਅਤੇ ਸਕੂਲ ਦੇ ਡੀ.ਪੀ ਅਧਿਆਪਕ ਅਵਤਾਰ ਸਿੰਘ ਤਾਰੀ ਮੈਡਮ ਮਨਪ੍ਰੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰਨ ਵਾਲੇ ਵੱਖ-ਵੱਖ ਵਿਦਿਆਰਥੀਆਂ ਨੂੰ ਸੁਨਹਿਰੀ ਭਵਿੱਖ ਲਈ ਅਸ਼ੀਰਵਾਦ ਦਿੱਤਾ ਅਤੇ ਮਾਪਿਆਂ ਨੂੰ ਵਧਾਈ ਪੇਸ਼ ਕੀਤੀ। ਅਗਾਂਹ ਤੋਂ ਭਵਿੱਖ ਵਿੱਚ ਇਸ ਜਿੱਤ ਦੇ ਸਿਲਸਿਲੇ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਲਈ ਖੂਬ ਹੱਲਾਸ਼ੇਰੀ ਦਿੱਤੀ, ਮੌਕੇ ਉੱਤੇ ਸਕੂਲ ਕੁਆਰਡੀਨੇਟਰ ਮੈਡਮ ਬਲਜੀਤ ਕੌਰ ਪੰਜਾਬੀ ਅਧਿਆਪਕ ਸੰਦੀਪ ਸਿੰਘ ਅਤੇ ਇਨਾਮ ਹਾਸਿਲ ਕਰਨ ਵਾਲੇ ਸਮੂਹ ਵਿਦਿਆਰਥੀ ਮੌਜੂਦ ਸਨ।

ਸਮਾਜ ਵੀਕਲੀ ਨਿਊਜ਼

# ਅੰਤਿਮ ਅਰਦਾਸ ਸਵ. ਸ਼੍ਰੀ ਨੀਆਮਤੀ ਜੀਤ ਜੀ ਪਿਤਾ ਪ੍ਰਸਿੱਧ ਲੋਕ ਗਾਇਕ ਅਮਰੀਕ ਮਾਇਕਲ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ )**
ਇਸ ਦੁੱਖ ਦੀ ਘੜੀ ਦੇ ਵਿਚ ਘਰ ਪਰਿਵਾਰ ਵਿਚ ਪਹੁੰਚੇ ਬਹੁਤ ਸਾਰੇ ਲੋਕ ਗਾਇਕ ਅਤੇ ਗਾਇਕਾ , ਗੀਤਕਾਰ, ਸੰਗੀਤਕਾਰ, ਪੱਤਰਕਾਰ ਭਾਈਚਾਰਾ ਤੇ ਅਲੱਗ ਅਲੱਗ ਦਰਬਾਰਾ ਤੋਂ ਸੰਤ ਮਹਾਂਪੁਰਸ਼। ਵਿਸ਼ਵ ਸੂਫੀ ਸੰਤ ਸਮਾਜ ਦੇ ਮੁੱਖ ਅਹੁਦੇਦਾਰ ਪੰਜਾਬ ਪ੍ਰਧਾਨ ਬਾਬਾ ਦੀਪਕ ਸ਼ਾਹ ਬਾਬਾ ਦੀਪੂ ਜੀ ਭੁਲੱਥ ਵਾਲੇ , ਦਰਬਾਰ ਇੱਛਾਧਾਰੀ ਸ਼ਿਵ ਮੰਦਿਰ ਰਜਿ. ਪਿੰਡ ਅਠੋਲੇ ਤੋਂ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਜਸਪਾਲ ਕੌਰ ਜੀ, ਸੰਤ ਬਾਬਾ ਭੋਲਾ ਦਾਸ ਜੀ, ਬਾਬਾ ਮੰਗੇ ਸ਼ਾਹ ਜੀ ਪਿੰਡ ਉਦੋਵਾਲ ਤੋਂ ਹੋਰ ਵੀ ਸੰਤ ਮਹਾਂਪੁਰਸ਼ਾਂ ਨੇ ਗਾਇਕ ਅਮਰੀਕ ਮਾਇਕਲ ਨੂੰ ਦਿੱਤਾ ਦਿਲਾਸਾ। ਇਸ ਤੋਂ ਇਲਾਵਾ ਪ੍ਰੈਸ ਕਲੱਬ ਦੇ ਪੰਜਾਬ ਪ੍ਰਧਾਨ ਮਨਜੀਤ ਮਾਨ , ਸਰਵਣ ਹੰਸ, ਹਰਜਿੰਦਰ ਪਾਲ ਛਾਬੜਾ ਮਹਿਤਪੁਰ, ਪੰਜਾਬ ਲਾਈਵ ਯੂਟਿਊਬ ਚੈਨਲ ਦੀ ਪੂਰੀ ਟੀਮ ਪਹੁੰਚੀ ਗੁਰਪ੍ਰੀਤ ਗੋਪੀ, ਗੁਰਦੇਵ ਸਿੰਘ ਭਾਟੀਆ, ਤੇ ਓਹਨਾ ਦੇ ਨਾਲ ਉਹਨਾਂ ਦੇ ਪਹੁੰਚੇ ਹੋਰ ਵੀ ਪ੍ਰੈਸ ਮੀਡੀਆ ਤੋਂ ਪੱਤਰਕਾਰ ਭਾਈਚਾਰਾ ਜਿਹਨਾ ਨੇ ਦੁੱਖ ਸਾਂਝਾ ਕੀਤਾ। ਕਲਾਕਾਰੀ ਪਰਿਵਾਰ ਦੇ ਵਿੱਚੋ ਇੰਟਰਨੈਸ਼ਨਲ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਸਾਬੀ ਬਰਾੜ, ਰਜਿੰਦਰ ਰਾਜਨ, ਬਲਵੀਰ ਸ਼ੇਰਪੁਰੀ, ਰਾਣਾ ਲਹਿਰੀ , ਪੇਜੀ ਸ਼ਾਹਕੋਟੀ, ਵਿਨੋਦ ਪੱਪੀ, ਬੀ ਕੇ ਰਾਹੀ , ਜੋਹਨ ਬੰਬਿਆਵਾਲ ਵਾਲਾ , ਕੁਮਾਰ ਸ਼ਿਵਾ, ਸਾਹਿਲ ਚੌਹਾਨ, ਕੋਕਾ ਕੋਲਾ ਨੰਬਰ ਵਨ ਜੋੜੀ ਲੱਖਾ ਨਾਜ਼, ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ, ਉਸਤਾਦ ਜਨਾਬ ਨਿਰਮਲ ਸਿੱਧੂ ਜੀ, ਸੁਖਚੈਨ ਕੋਟੀ , ਅਲੈਕਸ ਕੋਟੀ, ਪੰਕਜ ਹੰਸ, ਚਰਨਜੀਤ ਚੀਮਾ ਤੇ ਸੁਰਿੰਦਰ ਨੂਰੀ, ਗਾਇਕਾ ਸੁਨੈਨਾ ਨੰਦਾ ਅੰਮ੍ਰਿਤਸਰ , ਗਾਇਕਾ ਸੋਨੀਆ ਢਿੱਲੋਂ, ਗੀਤਕਾਰ ਓਮ ਜੱਸਲ , ਅਮਨ ਮਾਲਵੀ, ਲੇਹਲ ਅਮਰੀਕ ਧਾਲੀਵਾਲ, ਪਿੰਡ ਬੁਲੰਦਪੁਰੀ ਦੇ ਸਰਪੰਚ ਤੇ ਪਿੰਡ ਦੀ ਪੰਚਾਇਤ ਨਾਲ ਹੀ ਰਿਸ਼ਤੇਦਾਰ ਸੰਬਧੀ। ਇਸ ਅੰਤਿਮ ਅਰਦਾਸ ਵਿਚ ਇੰਟਰਨੈਸ਼ਨਲ ਕੀਰਤਨ ਜਥਾ ਗੌਰਵ ਮੀਤ ਪਾਰਜੀਆ ਵਾਲੇ ਜਿਹਨਾ ਨੇ ਜਗਤ ਪਿਤਾ ਭਗਵਾਨ ਵਾਲਮੀਕਿ ਮਹਾਰਾਜ ਦੇ ਚਰਨਾਂ ਨਾਲ ਜੋੜਿਆ ਤੇ ਸਾਰਿਆ ਨੂੰ ਸਾਦਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ।ਲੋਕ ਗਾਇਕ ਅਮਰੀਕ ਮਾਇਕਲ ਦੇ ਵੱਡੇ ਭਰਾ ਕੁਲਦੀਪ ਸੱਭਰਵਾਲ ਨੇ ਆਏ ਹੋਏ ਮਹਿਮਾਨਾਂ ਦਾ ਕੀਤਾ ਦਿਲੋ ਧੰਨਵਾਦ।



ਸਮਾਜ ਵੀਕਲੀ ਨਿਊਜ਼

# ਜੋਨ ਪੱਧਰੀ ਸਿਲਵਰ ਵਾਟਿਕਾ ਪਬਲਿਕ ਸਕੂਲ ਦੀ ਕਬੱਡੀ ਦੀ ਟੀਮ ਰਹੀ ਜੇਤੂ



**ਭੀਖੀ ( ਕਮਲ ਜਿੰਦਲ )**
ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਜ਼ੋਨ ਪੱਧਰੀ ਖੇਡਾਂ ਵਿਚੋਂ ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਉ ਕਬੱਡੀ ਅੰਡਰ 17 ਮੁੰਡਿਆਂ ਦੀ ਟੀਮ ਨੇ ਸਰਕਾਰੀ ਸਕੂਲ ਪਿੰਡ ਮੋਹਰ ਸਿੰਘ ਵਾਲਾ ਜ਼ਿਲ੍ਹਾ ਮਾਨਸਾ ਵਿਖੇ ਸਰਕਾਰੀ ਸਕੂਲ ਪਿੰਡ ਧਲੇਵਾਂ ਦੀ ਟੀਮ ਨੂੰ ਹਰਾ ਕੇ ਪਹਿਲਾਂ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਚਮਕਾਇਆ। ਸਕੂਲ ਦੇ ਚੇਅਰਮੈਨ ਰਿਸ਼ਵ ਸਿੰਗਲਾ ਜੀ ਨੇ ਦੱਸਦੇ ਹੋਏ ਕਿਹਾ ਕਿ ਇਹ ਸਾਡੇ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਬੱਚੇ ਵਧੀਆ ਪੁਜੀਸ਼ਨਾਂ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ । ਸਕੂਲ ਦੇ ਡੀਪੀ ਹਰਿੰਦਰ ਸਿੰਘ ਨੂੰ ਵੀ ਵਧਾਈ ਦਿੱਤੀ ਅਤੇ ਉਹਨਾਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਹਨਾਂ ਨੇ ਬੱਚਿਆਂ ਨੂੰ ਬਹੁਤ ਮਿਹਨਤ ਕਰਵਾਈ ਹੈ ਜਿਸ ਕਰਕੇ ਅੱਜ ਬੱਚੇ ਇਹ ਮੁਕਾਮ ਹਾਸਿਲ ਕਰ ਸਕੇ ਹਨ। ਇਸ ਮੌਕੇ ਮੈਡਮ ਪ੍ਰਿੰਸੀਪਲ ਕਿਰਨ ਰਤਨ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੀ ਹੌਸਲਾ ਅਫਜਾਈ ਲਈ ਉਹਨਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸਮੂਹ ਸਟਾਫ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ।

ਸਮਾਜ ਵੀਕਲੀ ਨਿਊਜ਼

# ਬਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਕੂਲੀ ਵਾਹਨਾਂ ਦੀ ਚੈਕਿੰਗ, ਸੱਤ ਬਸਾਂ ਦੇ ਕਟੇ ਚਲਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾ ਲ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਲੋਂ ਟੀਮ ਦੇ ਸਹਿਯੋਗ ਨਾਲ ਸਾਂਝੇ ਤੌਰ ‘ਤੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਨਵਾਂ ਸ਼ਹਿਰ ਵਿੱਚ ਅੱਜ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਨੀਤੀ ਦੀਆਂ ਸ਼ਰਤਾਂ ਬਾਰੇ ਜਾਣੂ ਕਰਵਾਇਆ । ਚੈਕਿੰਗ ਦੌਰਾਨ ਕੈਂਬਰਿਜ ਸਕੂਲ, ਦੋਆਬਾ ਸਿੱਖ ਨੈਸ਼ਨਲ ਸਕੂਲ, ਕੇ ਸੀ ਪਬਲਿਕ ਸਕੂਲ, ਡਾਕਟਰ ਆਸਾਨੰਦ ਸਕੂਲ, ਪ੍ਰਕਾਸ਼ ਮਾਡਲ ਸਕੂਲ, ਟੈਗੋਰ ਮਾਡਲ ਸਕੂਲ, ਸ਼ਿਵਾਲਿਕ ਪਬਲਿਕ ਸਕੂਲ ਅਤੇ ਆਰ ਐਮ ਬੀ ਡੀ ਏ ਵੀ ਪਬਲਿਕ ਸਕੂਲ ਆਦਿ ਦੀਆਂ ਬੱਸਾਂ ਚੈੱਕ ਕੀਤੀਆਂ ਗਈਆਂ। ਜਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਬੱਸਾਂ ਦੀ ਚੈਕਿੰਗ ਦਾ ਮਕਸਦ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਨਿਰਧਾਰਤ ਸ਼ਰਤਾਂ ਦੀ ਸਮੀਖਿਆ ਕਰਨਾ ਹੈ । ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਤਕਰੀਬਨ 12 ਸਕੂਲਾਂ ਦੀਆਂ ਕੁੱਲ 20 ਸਕੂਲੀ ਬੱਸਾਂ ਦੇ ਦਸਤਾਵੇਜ ਚੈੱਕ ਕੀਤੇ ਗਏ ਅਤੇ ਸੇਫ ਸਕੂਲ ਵਾਹਨ ਪਾਲਸੀ



ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀਆਂ ਸੱਤ ਸਕੂਲੀ ਬੱਸਾਂ ਦੇ ਚਲਾਨ ਵੀ ਕੀਤੇ ਗਏ ।ਇਸ ਮੌਕੇ ਟੀਮ ਵਲੋਂ ਸਕੂਲੀ ਵਾਹਨਾਂ ਦੇ ਡਰਾਈਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਾਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ। ਜਿਲ੍ਹਾ ਬਾਲ ਸੁਰੱਖਿਆ ਦਫਤਰ ਵਲੋ ਸਮੇ-ਸਮੇਂ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਵਾਹਨਾ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਜਿਵੇ ਕਿ ਸੀ.ਸੀ ਟੀ. ਵੀ. ਕੈਮਰਾ, ਖਿੜਕੀ ਤੇ ਲੋਹੇ ਦੀ ਗਰਿਲ, ਫਸਟ ਏਡ ਬਾਕਸ, ਲੇਡੀ ਕੰਡਕਟਰ, ਬਸ ਡਰਾਈਵਰ ਦਾ ਸਕੂਲ ਯੂਨੀਫੋਮ ਵਿੱਚ ਹੋਣਾ, ਸੀਟ ਬੈਲਟ ਲਗਾਣਾ, ਨਿਰਧਾਰਤ ਗਿਣਤੀ ਤੋਂ ਵੱਧ ਬੱਚੇ ਸਕੂਲ ਬੱਸ ਵਿੱਚ ਨਾ ਬਿਠਾਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਤੋ ਇਲਾਵਾ ਸਕੂਲ ਵਾਹਨ ਦੇ ਡਰਾਇਵਰਾ ਕੋਲ ਵਾਹਨ ਦੇ ਕਾਗਜਾਤ ਵੀ ਪੂਰੇ ਹੋਣੇ ਚਾਹੀਦੇ ਹਨ ਤਾਂ ਜੋ ਉਹਨਾ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਬੱਚਿਆ ਦੀ ਚੰਗੀ ਸੁਰੱਖਿਆ ਦੁਆਰਾ ਹੀ ਉਹਨਾ ਦੇ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਟਰਾਂਸਪੋਰਟ ਵਿਭਾਗ ਵੱਲੋਂ ਸ੍ਰੀ ਅੰਕੁਸ਼ ਗੋਇਲ ਵੱਲੋਂ ਆਮ ਜਨਤਾ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਸਕੂਲੀ ਬੱਸਾਂ ਵਿੱਚ ਭੇਜਣ ਤੋਂ ਪਹਿਲੇ ਸਕੂਲੀ ਬੱਸਾਂ ਦਾ ਜਾਇਜ਼ਾ ਜਰੂਰ ਲੈਣ ਤਾਂ ਜੋ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਣ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਸੇਫ ਸਕੂਲ ਵਾਹਨ ਪਾਲਸੀ ਦੀ ਉਲੰਘਣਾ ਕਰਨ ਤੇ ਬਸਾਂ ਨੂੰ ਬੰਦ ਕਰਨ ਜਾਂ ਚਲਾਨ ਕੱਟਣ ਤੇ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਏਗੀ। ਸਾਰੇ ਡਰਾਈਵਰ, ਬੱਸਾਂ ਨੂੰ ਰੋਡ ਤੇ ਲਿਆਣ ਤੋਂ ਪਹਿਲਾਂ ਆਪਣੇ ਅਤੇ ਆਪਣੀ ਬਸਾਂ ਦੇ ਦਸਤਾਵੇਜ਼ ਤੰਦਰੁਸਤ ਕਰ ਲੈਣ।

# ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਨਵਾਂਸ਼ਹਿਰ ਵਿੱਚ ਅਯੋਜਿਤ ਕੀਤੇ ਆਯੂਸ਼ ਕੈਂਪ ਦਾ ਕੀਤਾ ਉਦਘਾਟਨ

## ਕੈਂਪ ਵਿੱਚ ਮਾਹਿਰ ਡਾਕਟਰਾਂ ਵੱਲੋਂ 573 ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਵੰਡੀਆਂ ਗਈਆਂ ਦਵਾਈਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਵਿਭਾਗ ਵੱਲੋਂ ਬਲਾਕ ਨਵਾਂਸ਼ਹਿਰ ਵਿਖੇ ਸ਼੍ਰੀ ਗੁਰੂ ਰਵਿਦਾਸ ਮੰਦਰ ਨਵਾਂਸ਼ਹਿਰ ਵਿੱਚ ਆਯੁਸ਼ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਯੁਸ਼ ਵਿਭਾਗ ਭਾਰਤ ਸਰਕਾਰ, ਸਿਹਤ ਵਿਭਾਗ ਪੰਜਾਬ, ਨਿਰਦੇਸ਼ਕ ਆਯੁਰਵੇਦ ਪੰਜਾਬ ਅਤੇ ਨਿਰਦੇਸ਼ਕ ਹੋਮਿਓਪੈਥੀ ਪੰਜਾਬ ਦੇ ਹੁਕਮਾਂ ਅਨੁਸਾਰ ਰਾਜ ਦੇ ਹਰ ਜ਼ਿਲ੍ਹੇ ਵਿੱਚ 15 ਮੁਫ਼ਤ ਆਯੁਸ਼ ਕੈਂਪ ਲਗਾਏ ਜਾਣਗੇ।ਜਿਸ ਤਹਿਤ ਸ਼ਹੀਦ ਭਗਤ ਸਿੰਘ ਨਗਰ ਵਿਖੇ ਵੀ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲੱਗਣਗੇ ਅਤੇ ਲੋਕਾਂ ਨੂੰ ਇਸ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਇਸ ਮੌਕੇ ਉਤੇ ਮਾਹਿਰ ਆਯੁਰਵੇਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ ਕੁੱਲ 573 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫ਼ਤ



ਦਵਾਈਆਂ ਦਿੱਤੀਆਂ ਗਈਆਂ। ਇਨ੍ਹਾਂ ਵਿਚ ਕੈਂਪ ਦੌਰਾਨ 315 ਲੋਕਾਂ ਨੇ ਆਯੁਰਵੈਦਿਕ ਸੇਵਾਵਾਂ ਦਾ ਲਾਭ ਲਿਆ ਅਤੇ 258 ਲੋਕਾਂ ਨੇ ਹੋਮਿਓਪੈਥਿਕ ਸੇਵਾਵਾਂ ਦਾ ਲਾਭ ਉਠਾਇਆ। ਕੈਂਪ ਵਿੱਚ ਹਾਜ਼ਰ ਮਾਹਿਰ ਡਾਕਟਰਾਂ ਵੱਲੋਂ ਮਰੀਜਾਂ ਨੂੰ ਬਰਸਾਤ ਦੇ ਮੌਸਮ ਵਿੱਚ ਹੋਣ ਵਾਲੀ ਬਿਮਾਰੀਆਂ ਦੀ ਰੋਕਥਾਮ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਤੇ ਪੇਟ ਦੀਆਂ ਬਿਮਾਰੀਆਂ, ਦਰਦਾਂ, ਬਲਡ ਪ੍ਰੈਸ਼ਰ, ਸ਼ੂਗਰ, ਔਰਤਾਂ ਦੇ ਰੋਗ ਅਤੇ ਚਮੜੀ ਦੇ ਰੋਗਾਂ ਦੀਆ ਦਵਾਇਆਂ ਮੁਫ਼ਤ ਵੱਡੀਆਂ ਗਈਆਂ। ਇਸ ਮੌਕੇ ਤੇ ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਅਧਿਕਾਰੀ ਡਾ. ਸਰਬਜੀਤ ਕੌਰ ਨੇ ਦੱਸਿਆ ਕਿ ਡਾਇਰੈਕਟਰ ਆਯੁਰਵੈਦਿਕ ਅਤੇ ਯੂਨਾਨੀ ਡਾ. ਰਵੀ ਡੂਮਰਾ ਅਤੇ ਡਾਇਰੈਕਟਰ ਹੋਮਿਓਪੈਥਿਕ ਡਾ. ਹਰਿੰਦਰਪਾਲ ਦੇ ਨਿਰਦੇਸ਼ਾਂ 'ਤੇ, ਆਯੁਸ਼ ਵਿਭਾਗ ਭਾਰਤ ਸਰਕਾਰ, ਪੰਜਾਬ ਦੇ ਸਿਹਤ ਵਿਭਾਗ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਇਹ ਪਹਿਲਾ ਮੁਫ਼ਤ ਆਯੁਸ਼ ਕੈਂਪ ਲਾਇਆ ਗਿਆ ਜਿੱਥੇ ਲੋਕਾਂ ਵੱਲੋਂ ਸਿਹਤ ਸਹੂਲਤਾਂ ਦਾ ਲਾਭ ਲਿਆ ਗਿਆ। ਉਨ੍ਹਾਂ ਦੱਸਿਆ ਕਿ 1 ਅਗਸਤ ਨੂੰ ਕਮਿਊਨਿਟੀ ਹਾਲ ਪਿੰਡ ਲੋਧੀਪੁਰ, 4 ਅਗਸਤ ਨੂੰ ਗੁਰਦੁਆਰਾ ਸ਼੍ਰੀ ਸਿੰਘ ਸਭਾ ਪਿੰਡ ਸਿਕੋਹਪੁਰ, 6 ਅਗਸਤ ਨੂੰ ਡੇਰਾ ਬਾਬਾ ਸਰਬਦਿਆਲ ਜੀ ਪਿੰਡ ਕਮਾਮ ਅਤੇ 7 ਅਗਸਤ ਨੂੰ ਦਾਣਾ ਮੰਡੀ ਰਾਹੋਂ ਵਿੱਚ ਇਹ ਕੈਂਪ ਆਯੋਜਿਤ ਕੀਤੇ ਜਾਣਗੇ ਜਿੱਥੇ ਆਯੁਰਵੇਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਮੁਫ਼ਤ ਆਯੁਰਵੇਦਿਕ ਤੇ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਜਾਣਗੀਆਂ।

# ਖਾਦ ਵਿਕਰੇਤਾ ਕਿਸਾਨਾਂ ਨੂੰ ਪੀ ਓ ਐਸ ਮਸ਼ੀਨਾਂ ਰਾਹੀਂ ਹੀ ਖਾਦ ਦੀ ਵਿਕਰੀ ਕਰਨ - ਡਾ ਕੁਲਵੰਤ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਾ ਬਸੰਤ ਗਰਗ ਪ੍ਰਬੰਧਕੀ ਸੱਕਤਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਸਰਕਾਰ ਅਤੇ ਸ. ਜਸਵੰਤ ਸਿੰਘ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜੀ ਵੱਲੋ ਖਾਦਾਂ ਦੀ ਕਾਲਾਬਾਜਰੀ, ਸਟੋਕਿੰਗ ਨੂੰ ਰੋਕਣ ਅਤੇ ਕਿਸਾਨਾਂ ਨੂੰ ਮਿਆਰੀ ਕਿਸਮ ਦੇ ਖੇਤੀਬਾੜੀ ਇਨਪੁਟਸ ਮੁਹਈਆਂ ਕਰਵਾਉਣ ਦੇ ਮੰਤਵ ਨਾਲ ਚਲਾਈ ਗਈ ਮੁਹਿੰਮ ਤਹਿਤ ਜਿਲ੍ਹੇ ਦੇ ਟਾਪ 10 % ਤੋ ਵੱਧ ਯੂਰੀਆ ਦੀ ਵਿਕਰੀ ਕਰਨ ਵਾਲੇ ਪ੍ਰਾਇਵੇਟ ਅਤੇ ਸਹਿਕਾਰੀ ਸਭਾਵਾਂ ਦੀ ਚੈਕਿੰਗ ਡਾ ਕੁਲਵੰਤ ਸਿੰਘ ਮੁੱਖ ਖੇਤੀਬਾੜੀ ਅਫਸਰ, ਫਰੀਦਕੋਟ ਵੱਲੋ ਕੀਤੀ ਗਈ। ਇਸ ਮੌਕੇ ਉਹਨਾਂ ਵੱਲੋ ਖਾਦ ਵਿਕਰੇਤਾ ਦੇ ਸਟਾਕ ਰਜਿਸਟਰ, ਬਿਲ ਬੁੱਕ ਅਤੇ ਪੀ ਓ ਐਸ ਮਸ਼ੀਨਾਂ ਰਾਹੀਂ ਵਿਕਰੀ ਕੀਤੀ ਗਈ ਯੂਰੀਆ ਖਾਦ ਦੀ ਚੈਕਿੰਗ ਕੀਤੀ ਗਈ ਅਤੇ ਨਾਲ ਹੀ ਕਿਸਾਨਾਂ ਤੋ ਫੋਨ ਰਾਹੀਂ ਖਰੀਦ ਕੀਤੀ ਗਈ ਯੂਰੀਆ ਖਾਦ ਦੀ ਮਾਤਰਾ ਦੀ ਪੁਸ਼ਟੀ ਕੀਤੀ ਗਈ। ਉਹਨਾਂ ਵੱਲੋ ਇਹ ਵੀ ਦਸਿਆ ਗਿਆ ਕਿ ਕਿਸਾਨ ਵੱਲੋ ਖਰੀਦ



ਕੀਤੀ ਖਾਦ ਅਨੁਸਾਰ ਪੀ ਓ ਐਸ ਮਸ਼ੀਨ ਵਿੱਚ ਵਿਕਰੀ ਦਰਜ ਕਰਨਾ ਯਕੀਨੀ ਬਣਾਇਆ ਜਾਵੇ।ਇਸ ਮੌਕੇ ਡਾ ਰਾਕੇਸ਼ ਕੁਮਾਰ ਸ਼ਰਮਾ ਮੁੱਖ ਖੇਤੀਬਾੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਵੱਲੋ ਖਾਦ ਵਿਕਰੇਤਾ ਨੂੰ ਸਖਤ ਹਦਾਇਤ ਕੀਤੀ ਗਈ ਕਿ ਰੋਜਾਨਾ ਖਾਦ ਦੇ ਸਟਾਕ ਬੋਰਡ ਉਤੇ ਸਟਾਕ ਅਪਡੇਟ ਕਰਨ, ਬਿਲ ਉਤੇ ਕਿਸਾਨਾਂ ਦਾ ਪੂਰਾ ਪਤਾ ਸਮੇਤ ਫੋਨ ਨੰ ਦਰਜ ਕਰਨ ਅਤੇ ਕਿਸਾਨਾਂ ਨੂੰ ਕਿਸੇ ਵੀ ਤਰਾਂ ਦਾ ਖੇਤੀਬਾੜੀ ਇਨਪੁਟਸ ਦੀ ਵਿਕਰੀ ਸਮੇਂ ਬਿਲ ਜਰੂਰ ਦਿੱਤਾ ਜਾਵੇ।ਉਕਤ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਖਾਦ ਵਿਕਰੇਤਾ ਦੇ ਵਿਰੁੱਧ ਖਾਦ ਕੰਟਰੋਲ ਆਰਡਰ 1985 ਅਤੇ ਜਰੂਰੀ ਵਸਤਾਂ ਐਕਟ 1955 ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਹਨਾਂ ਨਾਲ ਡਾ ਨੀਤਨ ਖੇਤੀਬਾੜੀ ਅਫਸਰ ਸੜੋਆ, ਡਾ ਵਿਜੈ ਮਹੇਸ਼ੀ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਸ਼ਹੀਦ ਭਗਤ ਸਿੰਘ ਨਗਰ, ਡਾ ਹਰਿੰਦਰ ਸ਼ਰਮਾ ਖੇਤੀਬਾੜੀ ਵਿਕਾਸ ਅਫਸਰ (ਬੀਜ) ਫਰੀਦਕੋਟ ਅਤੇ ਡਾ ਕੁਲਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਨਵਾਸ਼ਹਿਰ ਹਾਜਰ ਸਨ।

## ਮਾਡਰਨ ਆਗੂ

ਅਸੀਂ ਊਧਮ ਸਿੰਘ ਨੂੰ ਸਾਲ 'ਚ ,
ਦੋ ਕੁ ਦਿਨ ਹੀ ਯਾਦ ਹਾਂ ਕਰਦੇ ।
ਜਨਮ ਸ਼ਹੀਦੀ ਵਾਲ਼ੇ ਦਿਨ ਹੀ ,
ਬੁੱਤਾਂ ਨੂੰ ਹਾਰਾਂ ਨਾਲ਼ ਹਾਂ ਭਰਦੇ ।
ਹੋਰ ਦਿਨਾਂ ਵਿੱਚ ਉਸ ਦਾ ਸਾਨੂੰ ,
ਚਿੱਤ ਚੇਤਾ ਵੀ ਨਈਂ ਆਉਂਦਾ ;
ਜੋ ਉਹਦੀ ਸੋਚ ਦੀ ਗੱਲ ਕਰੇ ,
ਉਹ ਤੋਂ ਸਦਾ ਰਹਿੰਦੇ ਹਾਂ ਡਰਦੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਕਵਿਤਾ

ਖਾਹਿਸ਼ ਪੂਰੀ ਨਹੀਂ ਹੁੰਦੀ।
ਜ਼ਿੰਦਗੀ ਕਿੰਨੀ ਲੰਬੀ ਜੀ ਲਵੋ।
ਕਦੇ ਖਾਹਿਸ਼ ਪੂਰੀ ਨਹੀਂ ਹੁੰਦੀ।
ਧਨ ਦੌਲਤ ਕਿੰਨਾ ਵੀ ਕਮਾ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।
ਗਿਆਨ ਕਿੰਨਾ ਇਕੱਠਾ ਕਰ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।
ਪਦਵੀ ਕਿੰਨੀ ਵੱਡੀ ਹਾਸਿਲ ਕਰ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।
ਕਾਮ ਵਾਸਨਾ ਕਿੰਨੀ ਮਰਜ਼ੀ ਪੂਰੀ ਕਰ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।
ਪ੍ਰੇਮੀ ਪ੍ਰੇਮਿਕਾ ਕਿੰਨਾ ਮਰਜ਼ੀ ਇਕੱਠੇ ਰਹਿਣ।
ਖਾਹਿਸ਼ ਪੂਰੀ ਨਹੀਂ ਹੁੰਦੀ।
ਜ਼ਿੰਦਗੀ ਵਿੱਚ ਕਿੰਨੀ ਤਰੱਕੀ ਹੀ ਕਰ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।
ਸੱਚੇ ਮਿੱਤਰ ਨਾਲ ਕਿੰਨਾ ਸਮਾਂ ਬਿਤਾ ਲਓ।
ਖਾਹਿਸ਼ ਪੂਰੀ ਨਹੀਂ ਹੁੰਦੀ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ।**
**ਮੋਬਾਈਲ 94 16 359045।**
**ਰੋਹਤਕ ਹਰਿਆਣਾ।**

## ਗੱਲ ਸੁਣ ....

ਹਰ ਗੱਲ, ਹਰ ਗੱਲ ਚੰਨਾਂ ਤੇਰੀ ਮੰਨਾਂ ਵੇ
ਮੇਰੀ ਵੀ ਗੱਲ ਸੁਣ, ਗੱਲ ਸੁਣ ਚੰਨਾਂ ਵੇ
ਬੰਨ੍ਹ ਸੂਹੀ ਪੱਗ ਪੀ ਲੱਸੀ ਵਾਲਾ ਛੰਨਾ ਵੇ
ਤੂੰ ਨਾਲ ਚੱਲ ਮੇਰੇ, ਚੱਲ ਮੇਰੇ ਚੰਨਾਂ ਵੇ
ਮੇਰੀ ਵੀ ਗੱਲ ਸੁਣ, ਗੱਲ ਸੁਣ ਚੰਨਾਂ ਵੇ

ਆਇਆ ਸਾਵਣ ਪੇਕੇ ਫੇਰਾ ਪਾਉਣਾ ਮੈਂ
ਕੁਝ ਦਿਨ ਬਾਬਲ ਘਰ ਡੇਰਾ ਲਾਉਣਾ ਮੈਂ
ਜਵਾਕਾਂ ਤੋਂ ਭੂਆ-ਭੂਆ ਹੈ ਕਹਾਉਣਾ ਮੈਂ
ਹਾੜਾ ਲੈ ਚੱਲ ਮੈਨੂੰ ਆਖੀਂ ਨਾ ਨੱਨਾ ਵੇ
ਮੇਰੀ ਵੀ ਗੱਲ ਸੁਣ, ਗੱਲ ਸੁਣ ਚੰਨਾਂ ਵੇ

ਜੁਗ-ਜੁਗ ਜੀਵੇ ਵੀਰਾ ਅੰਮੜੀ ਜਾਇਆ
ਸਦ ਸੁਹਾਗਣ ਭਾਬੋ ਮੱਥੇ ਵੱਟ ਨਾ ਪਾਇਆ
ਸੁਖੀ ਵਸੇ ਚਾਚਾ, ਸੁਖੀ ਵਸੇ ਮੇਰਾ ਤਾਇਆ
ਮਿਲਾ ਲਿਆ ਉਹਨਾਂ ਨੂੰ ਹੱਥ ਤੇਰੇ ਬੰਨ੍ਹਾਂ ਵੇ
ਮੇਰੀ ਵੀ ਗੱਲ ਸੁਣ ਗੱਲ ਸੁਣ ਚੰਨਾਂ ਵੇ

ਅੰਮੜੀ ਵਾਲਾ ਸੰਧੂਰੀ ਸੂਟ ਮੈਂ ਪਾਉਣਾ ਏ
ਸੱਸੜੀ ਵਾਲਾ ਹਾਰ ਗਲ਼ 'ਚ ਸਜਾਉਣਾ ਏ
ਸੁਖੀ ਵਸਦੀ ਲਾਡੋ ਬਾਪੂ ਨੂੰ ਜਤਾਉਣਾ ਏ
ਜੋ ਲਗਾਵੇ ਨਜ਼ਰ ਡੇਲੇ ਉਹਦੇ ਮੈਂ ਭੰਨਾਂ ਵੇ
ਮੇਰੀ ਵੀ ਗੱਲ ਸੁਣ, ਗੱਲ ਸੁਣ ਚੰਨਾਂ ਵੇ

ਚੰਨਾਂ! ਕਦੀ ਸਹੇਲੀਆਂ ਕੋਲ ਮੈਂ ਵਸਦੀ ਸਾਂ
ਚੰਨਾਂ! ਆਪਣੀ ਮੰਗਣੀ ਦੀ ਗੱਲ ਦੱਸਦੀ ਸਾਂ
ਚੰਨਾਂ! ਵਿੱਚ ਸਖੀਆਂ ਸੰਗਦੀ ਤੇ ਹੱਸਦੀ ਸਾਂ
ਚੰਨਾਂ! ਲੈ ਆਇਓਂ ਮੈਨੂੰ ਬਣ ਮੇਰਾ ਬੰਨਾ ਵੇ
ਮੇਰੀ ਵੀ ਗੱਲ ਸੁਣ, ਗੱਲ ਸੁਣ ਚੰਨਾਂ ਵੇ

ਰਾਂਝੇ ਨਾਲ ਬੈਠ ਗਈ ਵੇਖੋ ਹੀਰ, ਅਸ਼ਕੇ!
ਨਿੱਕਲੀ ਗੱਡੀ ਜਿਉਂ ਕਮਾਨੋਂ ਤੀਰ, ਅਸ਼ਕੇ!
ਬੁੱਲਾਂ 'ਤੇ ਹਾਸਾ ਅੱਖੀਆਂ 'ਚ ਨੀਰ, ਅਸ਼ਕੇ!
ਪੇਕੇ ਲੈ ਜਾਵਣ ਮਾਹੀ ਖੁਸ਼ ਹੋਵਣ ਰੰਨਾਂ ਵੇ
ਮੇਰੀ ਵੀ ਗੱਲ ਸੁਣ ਗੱਲ ਸੁਣ ਚੰਨਾਂ ਵੇ



**ਮਨਜੀਤ ਸਿੰਘ ਬੱਧਣ**

## "ਸਭ ਤੋਂ ਖ਼ਤਰਨਾਕ"

ਸਭ ਤੋਂ ਖ਼ਤਰਨਾਕ ਹੁੰਦਾ ਏ, ਜਦ ਚੁੱਪ ਹੋ ਜਾਏ ਸੰਘਰਸ਼,
ਜਦ ਦਿਲ ਅੰਦਰ ਬਹਿ ਜਾਏ, ਇਕ ਅਣਸੁਣਿਆ ਵਿਸ਼ਵਾਸ।
ਜਦ ਹੱਕ ਦੀ ਗੂੰਜ ਮਿਟੇ, ਤੇ ਡਰ ਹੀ ਬਣ ਅਸਲ ਅਹਿਸਾਸ,
ਜਦ ਖੁਦ ਨੂੰ ਹੀ ਭੁਲ ਜਾਈਏ, ਤੇ ਛੱਡੀਏ ਆਪਣੀ ਆਸ।

ਸਭ ਤੋਂ ਖ਼ਤਰਨਾਕ ਲਗਦਾ ਏ, ਸੁਪਨਿਆਂ ਦਾ ਮਰ ਜਾਣਾ,
ਜਿਉਂਦੇ ਜੀ ਆਸ ਖੋ ਦੇਣੀ, ਤੇ ਹਰ ਰਾਹ ਨੂੰ ਵਿਗਾੜ ਜਾਣਾ।
ਸਭ ਤੋਂ ਵੱਡੀ ਹਾਰ ਏ ਉਹ, ਜਦ ਮਨ ਝੂਠ ਨੂੰ ਮੰਨ ਲਵੇ,
ਤੇ ਅੰਦਰ ਦੀ ਆਗ ਬੁਝ ਜਾਵੇ, ਜਦ ਅੰਨ੍ਹਾ ਸੰਸਾਰ ਤੱਕ ਲਵੇ।

ਸਭ ਤੋਂ ਖ਼ਤਰਨਾਕ ਹਾਲਤ ਏ, ਜਦ ਕਲਮ ਵੀ ਡਰ ਜਾਂਦੀ ਏ,
ਅੱਖਰ ਵੀ ਸਾਥ ਛੱਡ ਦਿੰਦੇ, ਜਦ ਆਵਾਜ਼ ਬੀਮਾਰ ਬਣ ਜਾਂਦੀ ਏ।
ਜਦ ਸੰਘਰਸ਼ ਦਾ ਨਾਂ ਲੈਣ ਤੋਂ, ਹੋ ਜਾਏ ਮਨ ਝਿਜ਼ਕਦਾ,
ਤੇ ਜੋ ਲਿਖਦਾ ਸੀ ਬਦਲਾਵ ਲਈ, ਹੁਣ ਸਿਰਫ਼ ਕਵੀਤਾ ਲਿਖਦਾ।

ਸਭ ਤੋਂ ਖ਼ਤਰਨਾਕ ਨਹੀਂ ਦੁਸ਼ਮਣ, ਨਾ ਹੀ ਤਾਣਾ ਸ਼ਾਹੀ ਏ,
ਸਭ ਤੋਂ ਖ਼ਤਰਨਾਕ ਚੁੱਪੀ ਏ, ਜਿਹੜੀ ਬਣੇ ਗੁਲਾਮੀ ਦੀ ਸ਼ਾਹੀ ਏ।
ਸਭ ਤੋਂ ਖ਼ਤਰਨਾਕ ਹੁੰਦਾ ਏ, ਜਦ ਸਾਡੇ ਅੰਦਰ ਹੀ ਜੰਗ ਨਾ ਰਹੇ,
ਸਭ ਤੋਂ ਖ਼ਤਰਨਾਕ ਹੋ ਜਾਏ, ਜਦ ਮੌਤ ਤੋਂ ਪਹਿਲਾਂ ਉਮੰਗ ਨਾ ਰਹੇ।



**ਮੰਜੂ ਰਾਇਕਾ**
**ਰਣਬੀਰ ਕਾਲਜ਼ ਸੰਗਰੂਰ।**
**7626053712**



# ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਯੂਰੀਆ ਦੀ ਵੱਧ ਵਿਕਰੀ ਨੂੰ ਲੈ ਕੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤ ਕਾਰਵਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਰਾਜ ਭਰ ਵਿੱਚ ਖਾਦ ਵਿਕਰੇਤਾਵਾਂ ਅਤੇ ਡੀਲਰਾਂ ਵੱਲੋਂ ਯੂਰੀਆ ਦੀ ਗਲਤ ਤਰੀਕੇ ਨਾਲ ਹੋ ਰਹੀ ਵਿਕਰੀ ਨੂੰ ਰੋਕਣ ਲਈ ਵਿਸ਼ੇਸ਼ ਇਨਫੋਰਸਮੈਂਟ ਡਰਾਈਵ ਚਲਾਈ ਗਈ ਹੈ। ਇਹ ਮੁਹਿੰਮ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਦੇ ਹੁਕਮਾਂ ਅਧੀਨ ਅਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਜਸਵੰਤ ਸਿੰਘ ਦੀ ਨਿਗਰਾਨੀ ਹੇਠ ਸ਼ੁਰੂ ਕੀਤੀ ਗਈ। ਇਸ ਮੁਹਿੰਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਿਸ਼ੇਸ਼ ਜਾਂਚ ਲਈ ਇਕ ਟੀਮ ਬਣਾਈ ਗਈ, ਜਿਸ ਵਿੱਚ ਮੁਖ਼ ਖੇਤੀ ਅਧਿਕਾਰੀ, ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਅਤੇ ਖੇਤੀ ਵਿਕਾਸ ਅਧਿਕਾਰੀ (ਇਨਫੋਰਸਮੈਂਟ), ਹੁਸ਼ਿਆਰਪੁਰ ਡਾ. ਜਤਿਨ ਵਸ਼ਿਸ਼ਠ ਸ਼ਾਮਿਲ ਸਨ। ਇਹ ਜਾਂਚ ਮੁਹਿੰਮ ਜ਼ਿਲ੍ਹੇ ਦੇ ਸਾਰੇ ਬਲਾਕ ਖੇਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਈ ਗਈ। ਹਰੇਕ ਬਲਾਕ ਪੱਧਰ 'ਤੇ ਵਿਸ਼ੇਸ਼ ਟੀਮਾਂ ਨੂੰ ਤਾਇਨਾਤ ਕੀਤਾ ਗਿਆ, ਜੋ ਵੱਧ ਯੂਰੀਆ ਵਿਕਰੀ ਵਾਲੇ



ਰਿਪੋਰਟ ਹੋਏ ਰਿਟੇਲਰਾਂ ਅਤੇ ਡੀਲਰਾਂ ਦੇ ਸਥਾਨਾਂ 'ਤੇ ਮੌਕੇ 'ਤੇ ਪਹੁੰਚ ਕੇ ਗਹਿਨ ਜਾਂਚ ਕਰ ਰਹੀਆਂ ਹਨ। ਜਾਂਚ ਦੌਰਾਨ ਸਟਾਕ ਦੀ ਪੂਰੀ ਜਾਂਚ, ਇਨਵਾਇਸ ਆਡਿਟ, ਅਤੇ ਸਪਲਾਈ-ਵਿਕਰੀ ਰਿਕਾਰਡ ਦਾ ਮਿਲਾਨ ਕੀਤਾ ਗਿਆ। ਇਸ ਇਨਫੋਰਸਮੈਂਟ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬਿਜਾਈ ਦੇ ਚਰਮ ਸਮੇਂ ਦੌਰਾਨ ਸਹੀ ਕਿਸਾਨਾਂ ਨੂੰ ਯੂਰੀਆ ਉਚਿਤ ਅਤੇ ਪਾਰਦਰਸ਼ੀ ਢੰਗ ਨਾਲ ਉਪਲਬਧ ਕਰਵਾਇਆ ਜਾਵੇ। ਵਿਭਾਗ ਵੱਲੋਂ ਇਸ ਗੱਲ ਨੂੰ ਦੋਹਰਾਇਆ ਗਿਆ ਕਿ ਖਾਦ ਸਪਲਾਈ ਚੇਨ ਵਿੱਚ ਕਿਸੇ ਵੀ ਕਿਸਮ ਦੀ ਕਾਲਾ ਬਾਜ਼ਾਰੀ, ਸਟਾਕ ਇਕੱਠਾ ਕਰਨਾ ਜਾਂ ਹੋਰ ਕੋਈ ਗੜਬੜੀ ਨਹੀਂ ਸਹਿਣ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਖਾਦ ਡੀਲਰ ਵੱਲੋਂ ਵੱਧ ਰੇਟ ਲਾਗੂ ਕਰਨ, ਨਕਲੀ ਕਮੀ ਪੈਦਾ ਕਰਨਾ ਜਾਂ ਕੋਈ ਵੀ ਸ਼ੱਕੀ ਗਤੀਵਿਧੀ ਸਾਹਮਣੇ ਆਵੇ, ਤਾਂ ਉਸ ਦੀ ਤੁਰੰਤ ਸ਼ਿਕਾਇਤ ਕੀਤੀ ਜਾਵੇ, ਤਾਂ ਜੋ ਲਾਜ਼ਮੀ ਕਾਰਵਾਈ ਕੀਤੀ ਜਾ ਸਕੇ।

## ਬਹੁਜਨ ਸਮਾਜ ਪਾਰਟੀ ਵੱਲੋਂ ਗੜ੍ਹਸ਼ੰਕਰ ਸ਼ਹਿਰੀ ਦੀ ਮੀਟਿੰਗ ਕਰਕੇ ਚੋਣ ਕੀਤੀ ਗਈ : ਸ ਅਵਤਾਰ ਸਿੰਘ ਕਰੀਮਪੁਰੀ

**ਗੜ੍ਹਸ਼ੰਕਰ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਗੜਸ਼ੰਕਰ ਸ਼ਹਿਰੀ ਦੀ ਮੀਟਿੰਗ ਕੀਤੀ ਗਈ ਅਤੇ ਜਿਸ ਤਰ੍ਹਾਂ ਪਿੰਡ ਪਿੰਡ ਪਹੁੰਚ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਇਸ ਤਰ੍ਹਾਂ ਹਰੇਕ ਸ਼ਹਿਰ ਦੇ ਮੁਹੱਲਿਆਂ ਵਿੱਚ ਜਾ ਕੇ ਬਸਪਾ ਆਪਣੀ ਵਿਚਾਰਧਾਰਾ ਦਾ ਫੈਲਾਓ ਕਰੇਗੀ ਇਹ ਸ਼ਬਦ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਅੱਜ ਗੜ੍ਹਸ਼ੰਕਰ ਵਿੱਚ ਕਹੇ ਅਤੇ ਸਰਕਾਰ ਦੇ ਮਾੜੀ ਨੀਤੀ ਵਾਰੇ ਚਾਨਣਾ ਪਾਇਆ ।ਸ਼ਹਿਰੀ ਕਮੇਟੀ ਦੀ ਚੋਣ ਕੀਤੀ ਗਈ ਪੰਜਾਬ ਸੰਭਾਲੋ ਮੁਹਿੰਮ ਨੂੰ ਪਿੰਡਾਂ ਅਤੇ ਮਹੱਲਿਆਂ ਤੱਕ ਲੈ ਜਾਣ ਦਾ ਸੱਦਾ ਦਿੱਤਾ ਗਿਆ ਇਸ ਮੌਕੇ ਚੌਧਰੀ ਗੁਰਨਾਮ ਸਿੰਘ ਸਟੇਟ ਕੋਆਰਡੀਨੇਟਰ ਬਸਪਾ,ਸ੍ਰੀ ਰਣਬੀਰ ਬੱਬਰ ਸਟੇਟ ਸੈਕਟਰੀ ਇਨਚਾਰਜ ਗੜਸ਼ੰਕਰ ਵਿਧਾਨ ਸਭਾ ਬਸਪਾ, ਬਖਸ਼ਿਸ਼ ਭੀਮ ਜਿਲਾ ਕੁਆਰਡੀਨੇਟਰ ਅਤੇ ਗੜਸ਼ੰਕਰ ਵਿਧਾਨ ਸਭਾ ਦੇ ਇੰਚਾਰਜ ਮਾਸਟਰ ਮਲਕੀਤ ਸੋਨੀ ਵਿਧਾਨ ਸਭਾ ਹਲਕੇ ਦੇ ਪ੍ਰਧਾਨ,





ਚਰਨਜੀਤ ਸਿੰਘ ਮੁਜਾਰਾ ਡਿੰਗਰੀਆਂ ਜਿਲਾ ਬਸਪਾ ਖਜਾਨਚੀ, ਹਰਜਿੰਦਰ ਸਿੰਘ ਖਾਲਸਾ ਜਿਲਾ ਸੈਕਟਰੀ ਤੋ ਇਲਾਵਾ ਹੋਰ ਬਸਪਾ ਲੀਡਰਸ਼ਿਪ ਵੀ ਮੌਜੂਦ ਸੀ ਠੇਕੇਦਾਰ ਪ੍ਰਕਾਸ਼ ਸਿੰਘ ਨੂੰ ਗੜਸ਼ੰਕਰ ਸ਼ਹਿਰ ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ ਅਤੇ ਉਹਨਾਂ ਦੇ ਨਾਲ ਸ਼ਹਿਰ ਦੇ ਬਾਕੀ ਕਮੇਟੀ ਦੀ ਚੋਣ ਵੀ ਕਰ ਦਿੱਤੀ ਗਈ।

## ਲੈਂਡ ਪੁਲਿਗ ਪਾਲਿਸੀ ਲਾਗੂ ਕਰਨਾ ਕਿਸਾਨਾਂ ਦੇ ਹਿੱਤਾਂ 'ਤੇ ਇੱਕ ਹੋਰ ਡਾਕਾ-ਭਾਰਦਵਾਜ, ਗਰੇਵਾਲ ਤੇ ਪੁਰੇਵਾਲ







**ਫਿਲੌਰ/ਅੱਪਰਾ (ਦੀਪਾ)-** ਅੱਜ ਅੱਪਰਾ ਵਿਖੇ ਮੀਡੀਆ ਨਾਲ ਗੱਬਲਾਬਤ ਕਰਦਿਆਂ ਵਿਨੋਦ ਭਾਰਦਵਾਜ ਮੋਂਰੋਂ, ਗੁਰਮੀਤ ਸਿੰਘ ਗਰੇਵਾਲ ਤੇ ਸੁਲੱਖਣ ਸਿੰਘ ਪੁਰੇਵਾਲ ਸਰਪੰਚ ਹਕੀਮਪੁਰ ਨੇ ਕਿਹਾ ਕਿ ਪੰਜਾਬ ਅੰਦਰ ਸਰਕਾਰ ਵਲੋਂ ਲੈਂਡ ਪੁਲਿਗ ਪਾਲਿਸੀ ਲਾਗੂ ਕਰਨਾ ਕਿਸਾਨਾਂ ਦੇ ਹੱਕਾਂ ਤੇ ਹਿੱਤਾਂ ਤੇ ਇੱਕ ਵਾਰ ਫਿਰ ਸੱਤਾਧਾਰੀ ਸਰਕਾਰ ਵਲੋਂ ਵੱਡਾ ਡਾਕਾ ਮਾਰਿਆ ਜਾ ਰਿਹਾ ਹੈ । ਉਨਾਂ ਕਿਹਾ ਕਿ ਸਰਕਾਰ ਕਿਸਾਨਾਂ ਤੋਂ ਸਸਤੇ ਭਾਅ ਜ਼ਮੀਨਾਂ ਖਰੀਦ ਤੇ ਲੱਖਾਂ ਦੀ ਗਿਣਤੀ 'ਚ ਪਲਾਟ ਤੇ ਘਰ ਬਣਾ ਰਹੀ ਹੈ । ਉਨਾਂ ਪਲਾਟਾਂ 'ਚ ਬਸੇਰਾ ਕਰਨ ਲਈ ਹੋਰ ਰਾਜਾਂ ਦੇ ਵਿਅਕਤੀ ਹੀ ਆਉਣਗੇ । ਜਦਕਿ ਸਰਕਾਰ ਆਪਣੀਆਂ ਤੈਅ ਕੀਮਤਾਂ 'ਤੇ ਕਿਸਾਨਾਂ ਨੂੰ ਕਰਮ ਦੇ ਰਹੀ ਹੈ । ਉਨਾਂ ਕਿਹਾ ਕਿ ਕਿਸਾਨੀ ਵਰਗ ਹਰ ਪਾਸੇ ਤੋਂ ਸਰਕਾਰ ਦੀ ਮਾਰ ਝੱਲ ਰਿਹਾ ਹੈ । ਕਦੇ ਕੁਦਰਤੀ ਤੇ ਕਦੇ ਸਰਕਾਰੀ । ਉਪਰੋਂ ਕਿਸਾਨਾਂ ਨੂੰ ਮਹਿੰਗੇ ਭਾਅ ਦੀਆਂ ਖਾਦਾਂ ਤੇ ਡੀ. ਏ. ਪੀ ਦੇ ਨਾਲ ਹੋਰ ਤਰਲ ਰਸਾਇਣ ਦਿੱਤੇ ਜਾ ਰਹੇ ਹਨ ਜੋ ਕਿ ਯੂਰੀਆ ਤੇ ਡੀ. ਏ. ਪੀ ਦੀ ਕੀਮਤ ਤੋਂ ਵੀ ਡੇਢ ਗੁਣਾ ਜਿਆਦਾ ਮਹਿੰਗੇ ਹਨ ਤੇ ਕਿਸਾਨਾਂ ਨੂੰ ਉਨਾਂ ਦੀ ਜਰੂਰਤ ਵੀ ਨਹੀਂ ਹੈ । ਵਿਨੋਦ ਭਾਰਦਵਾਜ ਮੋਂਰੋਂ, ਗੁਰਮੀਤ ਸਿੰਘ ਗਰੇਵਾਲ ਤੇ ਸੁਲੱਖਣ ਸਿੰਘ ਪੁਰੇਵਾਲ ਸਰਪੰਚ ਹਕੀਮਪੁਰ ਨੇ ਸਰਕਾਰ ਨੂੰ ਸਖਤ ਲਫ਼ਜਾਂ 'ਚ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਇਸ ਬਿੱਲ ਨੂੰ ਵਾਪਸ ਲੈ ਲਵੇ ਨਹੀਂ ਤਾਂ ਲੋਕ ਰੋਹ ਦਾ ਸਾਹਮਣਾ ਕਰਨਾ ਪਵੇਗਾ ।

# ਮਸਤਾਨ ਗਰੇਵਾਲ ਨੇ ਆਸ਼ਾ ਕਿਰਨ ਸਕੂਲ ਨੂੰ 51 ਹਜ਼ਾਰ ਦਾ ਚੈੱਕ ਸੌਂਪਿਆ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਆਸ਼ਾਦੀਪ ਵੈਲਫੇਅਰ ਸੋਸਾਇਟੀ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਮਸਤਾਨ ਸਿੰਘ ਗਰੇਵਾਲ ਨੇ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਵਿਖੇ ਸਪੈਸ਼ਲ ਬੱਚਿਆਂ ਨਾਲ ਆਪਣਾ ਜਨਮਦਿਨ ਮਨਾਇਆ। ਸਕੂਲ ਪਹੁੰਚਣ ’ਤੇ ਸਕੂਲ ਦੇ ਵਿਦਿਆਰਥੀਆਂ ਨੇ ਮਸਤਾਨ ਸਿੰਘ ਗਰੇਵਾਲ ਦਾ ਸਵਾਗਤ ਇੱਕ ਗ੍ਰੀਟਿੰਗ ਕਾਰਡ ਅਤੇ ਪੌਦਾ ਦੇ ਕੇ ਕੀਤਾ। ਇਸ ਮੌਕੇ ਸੁਸਾਇਟੀ ਦੇ ਮੁਖੀ ਹਰਬੰਸ ਸਿੰਘ ਨੇ ਵੀ ਮਸਤਾਨ ਸਿੰਘ ਗਰੇਵਾਲ ਨੂੰ ਵਧਾਈ




**ਮਸਤਾਨ ਸਿੰਘ ਗਰੇਵਾਲ ਅਤੇ ਵਿਦਿਆਰਥੀਆਂ ਤੇ ਕਮੇਟੀ ਮੈਂਬਰਾਂ ਦੇ ਨਾਲ। ਫੋਟੋ ਅਜਮੇਰ ਦੀਵਾਨਾ**

ਦਿੱਤੀ ਅਤੇ ਦੱਸਿਆ ਕਿ ਸਕੂਲ ਦੀ ਇਮਾਰਤ ਦੀ ਉਸਾਰੀ ਉਨ੍ਹਾਂ ਦੀ ਨਿਗਰਾਨੀ ਹੇਠ ਪੂਰੀ ਹੋਈ ਹੈ ਅਤੇ ਉਹ ਸਕੂਲ ਦੀ ਤਕਨੀਕੀ ਕਮੇਟੀ ਦੇ ਚੇਅਰਮੈਨ ਵੀ ਹਨ। ਇਸ ਮੌਕੇ ਮਸਤਾਨ ਸਿੰਘ ਗਰੇਵਾਲ ਨੇ ਸਕੂਲ ਨੂੰ 51 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ ਅਤੇ ਸਕੂਲ ਦੇ ਵਿਦਿਆਰਥੀਆਂ, ਕਮੇਟੀ ਮੈਂਬਰਾਂ, ਸਟਾਫ਼ ਅਤੇ ਡਿਪਲੋਮਾ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ। ਇਸ ਮੌਕੇ ਸਕੱਤਰ ਕਰਨਲ ਗੁਰਮੀਤ ਸਿੰਘ, ਰਾਮ ਆਸਰਾ, ਮਲਕੀਤ ਸਿੰਘ ਮਹੇੜੂ, ਹਰੀਸ਼ ਠਾਕੁਰ, ਹਰਮੇਸ਼ ਤਲਵਾੜ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਇੰਦੂ ਬਾਲਾ, ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ।

# ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਕਿਸਾਨਾਂ ਨੇ ਹੁਸ਼ਿਆਰਪੁਰ 'ਚ ਕੱਢਿਆ ਟਰੈਕਟਰ ਮਾਰਚ

**• ਹਜ਼ਾਰਾਂ ਟਰੈਕਟਰਾਂ ਨਾਲ ਸੜਕਾਂ 'ਤੇ ਨਿਕਲੇ ਕਿਸਾਨ • ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਤੀ ਸਖਤ ਚੇਤਾਵਨੀ; ਨੀਤੀ ਰੱਦ ਨਾ ਹੋਣ 'ਤੇ ਆਪ ਲੀਡਰਾਂ ਦੇ ਪਾੜੇ ਜਾਣਗੇ ਕੱਪੜੇ**

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਦੇ ਅਗਲੇ ਪੜਾਅ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੱਦੇ 'ਤੇ ਆਪ ਮੁਹਾਰੇ ਹੁਸ਼ਿਆਰਪੁਰ ਦੀਆਂ ਸੜਕਾਂ ਤੇ ਹਜ਼ਾਰਾਂ ਟਰੈਕਟਰ ਚਲਾ ਕੇ ਅਨੋਖੇ ਢੰਗ ਨਾਲ ਕਿਸਾਨਾਂ ਨੇ ਪੰਜਾਬ ਸਰਕਾਰ ਖਿਲਾਫ ਸਖਤ ਰੋਸ ਪ੍ਰਦਰਸ਼ਨ ਕੀਤਾ ਙ ਹੁਸ਼ਿਆਰਪੁਰ ਦੇ ਫਗਵਾੜਾ ਰੋਡ ਤੋਂ ਆਰੰਭ ਹੋਇਆ ਟਰੈਕਟਰ ਮਾਰਚ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਚੌਕ ਪੁਰਹੀਰਾਂ ਤੋਂ ਸ਼ੇਰਗੜ੍ਹ ਬਾਈਪਾਸ ਤੋਂ ਚੰਡੀਗੜ੍ਹ ਬਾਈਪਾਸ ਰੋਡ, ਡੀਸੀ ਰੋਡ, ਸੈਸ਼ਨ ਚੌਕ ਘੰਟਾ ਘਰ,ਭਗਵਾਨ ਵਾਲਮੀਕ ਚੌਕ, ਬੱਸ ਸਟੈਂਡ ਚੌਂਕ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ, ਪ੍ਰਭਾਤ ਚੌਂਕ, ਗੌਰਮਿੰਟ ਕਾਲਜ ਚੌਂਕ ਤੋਂ ਪੁਰਹੀਰਾਂ ਵਿਖੇ ਸਮਾਪਤ ਹੋਇਆ ਙ ਅੱਜ ਦੇ ਇਸ ਟਰੈਕਟਰ ਮਾਰਚ ਦੀ ਖਾਸ ਗੱਲ ਇਹ ਰਹੀ ਕਿ ਇਸ ਮਾਰਚ ਦੀ ਕਿਸੇ ਖਾਸ ਜਥੇਬੰਦੀ ਵੱਲੋਂ ਅਗਵਾਈ ਨਹੀਂ ਕੀਤੀ ਗਈ ਸਗੋਂ ਆਪ ਮੁਹਾਰੇ ਕਿਸਾਨ ਟਰੈਕਟਰ ਲੈ ਕੇ ਹੁਸ਼ਿਆਰਪੁਰ ਦੇ ਵੱਖ ਵੱਖ ਕਸਬਿਆਂ ਤੋਂ ਸ਼ਾਮਿਲ ਹੋਏ ਙ ਇਸ ਮਾਰਚ ਬਾਰੇ ਜਾਣਕਾਰੀ ਦਿੰਦਿਆਂ ਉੱਘੇ ਕਿਸਾਨ ਲੀਡਰ ਜਸਵਿੰਦਰ ਸਿੰਘ






ਛਾਉਣੀ ਨੇ ਦੱਸਿਆ ਕਿ ਲੈਂਡ ਪੁਲਿੰਗ ਦੇ ਤਹਿਤ ਮਾਨ ਦਰ ਸਰਕਾਰ ਉਦਯੋਗੀਕਰਨ ਦੇ ਨਾਂਅ 'ਤੇ ਰਿਹਾਇਸ਼ੀ ਕਲੋਨੀਆਂ ਅਤੇ ਉਦਯੋਗਿਕ ਪਾਰਕ ਬਣਾ ਕੇ ਇੱਕ ਲੈਂਡ ਪੂਲਿੰਗ ਨੀਤੀ ਲੈ ਕੇ ਆਈ ਹੈ। ਜਿਸ ਦੇ ਤਹਿਤ ਸਰਕਾਰ ਪੰਜਾਬ ਦੀ ਉਪਜਾਊ ਜ਼ਮੀਨ ਹੜੱਪਣਾ ਚਾਹੁੰਦੀ ਹੈ ਜੋ ਜਨਤਾ ਅਤੇ ਕਿਸਾਨਾਂ ਲਈ ਨੁਕਸਾਨਦੇਹ ਹੈ ਜਿਸ ਕਾਰਨ ਸਰਕਾਰ ਨੂੰ ਇਸ ਨੀਤੀ ਨੂੰ ਤੁਰੰਤ ਰੱਦ ਕਰਨਾ ਚਾਹੀਦਾ ਹੈ। ਜੇਕਰ ਪੰਜਾਬ ਸਰਕਾਰ ਵੱਲੋਂ ਅਜਿਹਾ ਨਾ ਕੀਤਾ ਗਿਆ ਤਾਂ ਕਿਸਾਨਾਂ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਆਪ ਲੀਡਰਾਂ ਦੇ ਪਿੰਡਾਂ ਵਿੱਚ ਵੜਨ ਤੇ ਕੱਪੜੇ ਪਾੜ ਦਿੱਤੇ ਜਾਣਗੇ ਙ ਇਸ ਸਬੰਧ ਵਿੱਚ ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨਾਂ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕੀਤਾ ਜਾਵੇ।ਆਗੂਆਂ ਨੇ ਮੰਗ ਕੀਤੀ ਕਿ ਭਾਰਤ ਮਾਲਾ ਯੋਜਨਾ ਤਹਿਤ ਕਿਸਾਨਾਂ ਦਾ ਉਜਾੜਾ ਬੰਦ ਕੀਤਾ ਜਾਵੇ ਅਤੇ ਆਉਣ ਵਾਲੇ ਸਮੇਂ ਵਿੱਚ ਬੁਲੇਟ ਟ੍ਰੇਨ ਲਈ ਉਜਾੜਾ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਹਰ ਤਰ੍ਹਾਂ ਦੇ ਨਾਜਾਇਜ਼ ਕਾਬਜ਼ਕਾਰਾਂ ਨੂੰ ਸਥਾਈ ਮਾਲਕੀ ਅਧਿਕਾਰ ਦਿੱਤੇ ਜਾਣ ਅਤੇ ਉਨ੍ਹਾਂ ਦਾ ਉਜਾੜਾ ਬੰਦ ਕੀਤਾ ਜਾਵੇ।ਉਨਾਂ ਕਿਹਾ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਲਿਆਉਣ ਦੀ ਤਿਆਰੀ ਕਰ ਰਹੀ ਹੈ। ਇਸ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਸੰਸਦ ਵਿੱਚ ਇਸਦਾ ਵਿਰੋਧ ਕਰਨਾ ਚਾਹੀਦਾ ਹੈ।

# ਕੁਦਰਤ ਨਾਲ ਪਿਆਰ ਕਰਨ ਵਾਲੇ ਸਰਦਾਰ ਦਿਲਬਾਗ ਸਿੰਘ ਬਾਗੀ ਜੀ



**ਬੰਗਾ ( ਚਰਨਜੀਤ ਸੱਲ੍ਹਾਂ )** ਅੱਜ ਅੰਤ ਦੀ ਗਰਮੀ ਵਿੱਚ ਕੁਦਰਤ ਨਾਲ ਪਿਆਰ ਕਰਨ ਵਾਲੇ ਸਰਦਾਰ ਦਿਲਬਾਗ ਸਿੰਘ ਬਾਗੀ ਜੀ ਪਿੰਡ ਪਿੰਡ ਜਾਕੇ ਬੂਟੇ ਲਗਵਾਉਣ ਲਈ ਟੋਏ ਪੁੱਟਵਾਂ ਰਹੇ ਹਨ ਸਾਡੇ ਪਿੰਡ ਸੱਲ੍ਹ ਕਲਾਂ ਸੱਲ੍ਹ ਖੁਰਦ ਸ਼ਮਸ਼ਾਨ ਘਾਟ ਅਤੇ ਸਕੂਲ ਦੀ ਗਰਾਊਂਡ ਵਿੱਚ ਟਰੈਕਟਰ ਦੇ ਨਾਲ ਟੋਏ ਕੱਢਣ ਵਾਲੀ ਮਸ਼ੀਨ ਦੇ ਨਾਲ ਟੋਏ ਕੱਢ ਰਹੇ ਹਨ। ਸਰਦਾਰ ਸ਼ਮਿੰਦਰ ਸਿੰਘ ਗਰਚਾ ਜੀ ਦੇ ਆਪਣੇ ਪਲਾਂਟ ਵਿੱਚ ਜੋ ਕਿ ਪਿੰਡ ਦੇ ਬਿਲਕੁਲ ਨਜ਼ਦੀਕ ਹੈ ਉਸ ਵਿੱਚ ਵੀ ਟੋਏ ਕੱਢ ਰਹੇ ਹਨ ਅਸੀਂ ਜਿਥੇ ਸਰਦਾਰ ਸ਼ਮਿੰਦਰ ਸਿੰਘ ਗਰਚਾ ਜੀ ਦੇ ਧੰਨਵਾਦੀ ਹੋਵਾਂਗਾ ਕਿ ਉਨ੍ਹਾਂ ਨੇ ਪਿੰਡ ਨੂੰ ਸੁੰਦਰ ਬਣਾਉਣ ਲਈ ਅਤੇ ਕੁਦਰਤ ਨਾਲ ਪਿਆਰ ਵਧਾਉਣ ਲਈ ਬੂਟੇ ਫਲ ਦਾਰ, ਫੁੱਲ ਵਾਲੇ ਅਤੇ ਬਿਮਾਰੀਆਂ ਨੂੰ ਦੂਰ ਕਰਨ ਵਾਲੇ ਬੂਟਿਆਂ ਲਈ ਜਗ੍ਹਾ ਵਰਤੋਂ ਵਿੱਚ ਲਿਆਂਦੀ ਹੈ ਉਥੇ ਹੀ ਰੋਟਰੀ ਕਲੱਬ ਬੰਗਾ ਗਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਜੀ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਐਨੀਂ ਦੁੱਪ ਵਿੱਚ ਆਕੇ ਇਹ ਕੰਮ ਕਰਵਾਇਆ ਅਤੇ ਕਿਹਾ ਕਿ ਇੱਕ ਦੋ ਦਿਨਾਂ ਤੱਕ ਬੂਟੇ ਲਗਾਏ ਜਾਣਗੇ। ਇਹਨਾਂ ਦੇ ਨਾਲ ਸਨ ਹਰਪ੍ਰੀਤ ਕੁਮਾਰ ਸਰਪੰਚ, ਚਰਨਜੀਤ ਸਿੰਘ ਨੰਬਰਦਾਰ, ਜਸਵੰਤ ਸਿੰਘ ਗਰਚਾ ਅਤੇ ਮਿੱਟੀ ਬਿਛਾਉਣ ਦੀ ਸੇਵਾ ਕਰਨ ਵਾਲੇ ਜਸਵੀਰ ਸਿੰਘ ਫੀਰੀ ਸਨ।

# ਤਲਵਾੜ ਜੋੜੇ ਨੇ ਮਰਨ ਤੋਂ ਬਾਅਦ ਕੀਤਾ ਅੰਗ ਦਾਨ ਕਰਨ ਦਾ ਪ੍ਰਣ

## ਮਨੁੱਖਤਾ ਦੀ ਸੇਵਾ ਵਿੱਚ ਦਾਨ ਕੀਤਾ ਸਰੀਰ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਇਹ ਸਰੀਰ ਨਾਸ਼ਵਾਨ ਹੈ, ਜੇਕਰ ਇਸਨੂੰ ਮਨੁੱਖਤਾ ਦੀ ਸੇਵਾ ਵਿੱਚ ਵਰਤਿਆ ਜਾ ਸਕਦਾ ਹੈ ਤਾਂ ਇਸ ਤੋਂ ਵੱਡਾ ਕੋਈ ਕੰਮ ਨਹੀਂ ਹੈ, ਇਹ ਸੋਚ ਕੇ ਅੱਜ ਮੈਂ ਅਤੇ ਮੇਰੀ ਪਤਨੀ ਨੀਤੀ ਤਲਵਾੜ ਨੇ ਆਪਣੇ ਸਰੀਰ ਮਰਨ ਉਪਰੰਤ ਦਾਨ ਕਰਨ ਦਾ ਫੈਸਲਾ ਕੀਤਾ ਹੈ। ਉਪਰੋਕਤ ਸ਼ਬਦ ਸੰਜੀਵ ਤਲਵਾੜ ਨੇ ਸਮਾਜ ਸੇਵਕ ਤਲਵਾੜ ਜੋੜੇ ਵੱਲੋਂ ਮਰਨ ਉਪਰੰਤ ਆਪਣੇ ਸਰੀਰ ਦਾਨ ਕਰਨ ਲਈ ਆਯੋਜਿਤ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੇ। ਤਲਵਾੜ ਨੇ ਕਿਹਾ ਕਿ ਬਹੁਤ ਸਾਰੀਆਂ ਜਾਨਾਂ ਇਸ ਲਈ ਖਤਮ ਹੋ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਸਮੇਂ ਸਿਰ ਸਹੀ ਅੰਗ ਨਹੀਂ ਮਿਲਦੇ, ਇਸ ਲਈ ਅਸੀਂ ਇਹ ਵੀ ਫੈਸਲਾ ਲਿਆ ਹੈ ਕਿ ਜੇਕਰ ਕਿਸੇ ਕਾਰਨ ਕਰਕੇ ਸਾਨੂੰ ਦਿਲ ਦਾ ਦੌਰਾ ਪੈਂਦਾ ਹੈ ਤਾਂ ਸਾਡੇ ਅੰਗ ਲੋੜਵੰਦ ਲੋਕਾਂ ਨੂੰ ਦਾਨ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਦੀ ਜਾਨ ਬਚਾਈ ਜਾ ਸਕੇ। ਤਲਵਾੜ ਨੇ ਕਿਹਾ ਕਿ ਸਾਡੇ ਪਰਿਵਾਰਕ ਮੈਂਬਰ ਸਾਡੇ ਇਸ ਪ੍ਰਣ ਪ੍ਰਤੀ ਵਚਨਬੱਧ ਰਹਿਣਗੇ ਅਤੇ ਇਹ ਸਾਰੀ ਪ੍ਰਕਿਰਿਆ ਰੋਟਰੀ ਆਈ ਬੈਂਕ ਅਤੇ ਕਾਰਨੇਲ ਟ੍ਰਾਂਸਪਲਾਂਟ ਸੋਸਾਇਟੀ ਦੁਆਰਾ ਪੂਰੀ ਕੀਤੀ ਜਾਵੇਗੀ। ਇਸ ਮੌਕੇ ਕਮੇਟੀ ਦੇ ਚੇਅਰਮੈਨ ਨੇ ਤਲਵਾੜ ਜੋੜੇ ਦੇ ਇਸ ਉਪਰਾਲੇ ਨੂੰ ਇੱਕ ਪ੍ਰੇਰਨਾਦਾਇਕ ਕਦਮ ਦੱਸਦਿਆਂ ਕਿਹਾ ਕਿ ਦਿਲ ਦਾ ਦੌਰਾ ਪੈਣ 'ਤੇ ਅੰਗ ਦਾਨ ਕਰਨ ਦਾ ਫੈਸਲਾ ਆਪਣੇ ਆਪ ਵਿੱਚ ਇੱਕ ਦਲੇਰਾਨਾ ਕਦਮ ਹੈ। ਉਨ੍ਹਾਂ ਕਿਹਾ ਕਿ ਜੇਕਰ ਕੁਝ ਲੋਕ ਵੀ ਅਜਿਹਾ ਫੈਸਲਾ ਲੈਣ ਤਾਂ ਹਰ ਸਾਲ ਹਜ਼ਾਰਾਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਸ ਮੌਕੇ ਨਾਰਾਇਣ ਨਗਰ ਸੇਵਾ ਸਮਿਤੀ ਦੀ ਪ੍ਰਧਾਨ ਸ਼੍ਰੀਮਤੀ ਊਸ਼ਾ ਕਿਰਨ ਸੂਦ ਨੇ ਵੀ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨ ਦਾ ਪ੍ਰਣ ਲਿਆ।

**ਫੋਟੋ ਅਜਮੇਰ ਦੀਵਾਨਾ**

# ਪਿੰਗਲਵਾੜਾ ਦੇ ਬਾਨੀ -ਭਗਤ ਪੂਰਨ ਸਿੰਘ

**1 ਤੋਂ 5 ਅਗਸਤ ਤੱਕ**
**ਬਰਸੀਂ ’ਤੇ ਵਿਸ਼ੇਸ਼**

ਕਿਸੇ ਦੇਸ਼ ਜਾਂ ਕੌਮ ਦੀ ਸ਼ਕਤੀ ਦੌਲਤ ਦੀਆਂ ਭਰੀਆਂ ਬੋਰੀਆਂ ਵਿੱਚ ਨਹੀਂ ਸਗੋਂ ਉਥੋਂ ਦੇ ਲੋਕਾਂ ਦੇ ਆਚਰਨ ਵਿੱਚ ਉਹਨਾਂ ਦੇ ਸੁੱਖ-ਆਰਾਮ ਕੁਰਬਾਨ ਕਰਨ ਦੀ ਸਵੈ-ਇੱਛਾ ਵਿੱਚ ਅਤੇ ਉਹਨਾਂ ਦੀ ਨਿਪੁੰਨਤਾ ਵਿੱਚ ਲੋਕ-ਭਲਾਈ ਲਈ ਪਾਏ ਗਏ ਯੋਗਦਾਨ ਵਿੱਚ ਹੁੰਦੀ ਹੈ। ਹਰ ਸਮਾਜ ਵਿੱਚ ਕੁਝ ਅਭਾਗੇ ਲੋਕ ਹੁੰਦੇ ਹਨ। ਜੋ ਬਿਮਾਰ, ਅੰਗਹੀਣ ਤੇ ਬੇਕਾਰ ਹਨ ਜਾਂ ਸਮਾਜ ਵੱਲੋਂ ਦੁਰਕਾਰੇ ਗਏ ਹਨ। ਇਹਨਾਂ ਵਿੱਚ ਕੁਝ ਉਹ ਅੰਗਹੀਣ ਵੀ ਹਨ। ਜਿਨ੍ਹਾਂ ਨੂੰ ਕਿਸੇ ਵੀ ਹਸਪਤਾਲ ਵਿੱਚ ਦਾਖ਼ਲ ਨਹੀਂ ਕੀਤਾ ਜਾਂਦਾ ਅਤੇ ਉਹ ਸੜਕਾਂ ਤੇ ਹੀ ਰੁਲ-ਰੁਲ ਕੇ ਮਰ ਜਾਂਦੇ ਹਨ, ਫਿਰ ਇਹਨਾਂ ਦਾ ਧਿਆਨ ਰੱਖਣ ਵਾਲਾ ਕੌਣ ਹੈ ? ਇਹਨਾਂ ਦਾ ਖ਼ਿਆਲ ਰੱਖਣ ਵਾਲਾ ਸੀ ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ।

ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਈ: ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ਼੍ਰੀ ਸ਼ਿੱਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਹਨਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗਿਆ। ਉੱਥੋਂ ਦੇ ਮਹੰਤ ਤੇਜਾ ਸਿੰਘ ਜੀ ਭਗਤ ਜੀ ਨੂੰ ਅਨੇਕਾਂ ਵਾਰ ਲਾਡ ਨਾਲ ਬੁਲਾਉਂਦੇ ਕਹਿੰਦੇ, ਪੂਰਨ ਸਿੰਘ ਪ੍ਰੇਮੀ ! ਪੂਰਨ ਸਿੰਘ ਪ੍ਰੇਮੀ !! ਭਗਤ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ 20 ਸਾਲ ਲਗਾਤਾਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਨਿਸ਼ਕਾਮ ਸੇਵਾ ਕੀਤੀ।

ਭਗਤ ਪੂਰਨ ਸਿੰਘ ਜੀ ਦਾ ਬਚਪਨ ਦਾ ਨਾਂ ‘ਰਾਮ ਜੀ ਦਾਸ’ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਹਨਾਂ ਨੂੰ ‘ਰਾਮ ਜੀ ਦਾਸ’ ਤੋਂ ‘ਭਗਤ ਪੂਰਨ ਸਿੰਘ’ ਬਣਾ ਦਿੱਤਾ। ਗਿਆਨੀ ਕਰਤਾਰ ਸਿੰਘ ਤੇ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਇਹਨਾਂ ਦੀ ਸੇਵਾ ਨੂੰ ਦੇਖ ਕੇ ‘ਭਗਤ ਜੀ’ ਕਹਿ ਕੇ ਸੰਬੋਧਨ ਕੀਤਾ। ਮਾਤਾ ਮਹਿਤਾਬ ਕੌਰ ਨੇ ਬਚਪਨ ਤੋਂ ਹੀ ਉਹਨਾਂ ਨੂੰ ਧਰੂ ਭਗਤ, ਹਨੂਮਾਨ, ਸ਼ਿਵ ਜੀ, ਭਰਥਰੀ ਭਗਤ, ਗੁਰੂਆਂ, ਪੀਰਾਂ, ਸੰਤਾਂ ਦੇ ਇਤਿਹਾਸ ਦੇ ਕਿੱਸੇ-ਕਹਾਣੀਆਂ ਸੁਣਾ ਕੇ ਇਸ ਪਾਸੇ ਵੱਲ ਲਾਇਆ। ਭਗਤ ਜੀ ਨੇ ਮਰਨ ਕਿਨਾਰੇ ਬਿਸਤਰੇ ਤੇ ਪਈ ਆਪਣੀ ਮਾਂ ਨਾਲ ਇਹ ਪ੍ਰਣ ਕਰ ਲਿਆ ਕਿ ਮੈਂ ਉਮਰ ਭਰ ਕੁਆਰਾ ਰਹਾਂਗਾ ਤੇ ਬੇਸਹਾਰਾ, ਅਪੰਗਾਂ ਅਤੇ ਗ਼ਰੀਬਾਂ ਦੀ ਸੇਵਾ ਵਿੱਚ ਹੀ ਜੀਵਨ ਬਤੀਤ ਕਰਾਂਗਾ। ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ: ਵਿੱਚ ਇੱਕ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓੜ੍ਹੀ ਅੱਗੇ ਕੋਈ ਚੋਰੀ-ਚੋਰੀ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, ‘ਪੂਰਨ ਸਿੰਘ ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।’ ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ, ਜਿਸ ਕਰਕੇ ਉਸ ਦਾ ਨਾਂ ‘ਪਿਆਰਾ ਸਿੰਘ’ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ ’ਤੇ ਆਪਣੇ ਮੋਢਿਆਂ ਤੇ ਚੁੱਕ ਕੇ ਫਿਰਦੇ ਰਹੇ ਕਿਉਂ ਜੋ ਉਸ ਸਮੇਂ ਉਹਨਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ। ਇਸ ਦੌਰਾਨ ਭਗਤ ਪੂਰਨ ਸਿੰਘ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬਰੇਰੀਆਂ ਵਿੱਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਹਨਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ।

ਇੱਕ ਦਿਨ ਭਗਤ ਪੂਰਨ ਸਿੰਘ ਜੀ ਦੇ ਇੱਕ ਨਜ਼ਦੀਕੀ ਵਕੀਲ ਨੇ ਭਗਤ ਜੀ ਨੂੰ ਕਿਹਾ ਕਿ ਇਸ ਨਾਲੋਂ ਤਾਂ ਚੰਗਾ ਸੀ ਕਿ ਇਹ (ਪਿਆਰਾ ਸਿੰਘ) ਗੁਰਦੁਆਰੇ ਦੇ ਬਾਹਰ ਹੀ ਮਰ ਜਾਂਦਾ ਕਿਉਂ ਜੋ ਇੱਕ ਦਿਨ ਕਿਸੇ ਸੜਕ ਦੇ ਕੰਢੇ ਮਰਨਾ ਹੀ ਹੈ। ਪਰ ਕੋਈ ਵੀ ਭਗਤ ਜੀ ਨੂੰ ਉਹਨਾਂ ਦੇ ਸਿਰੜੀ ਮਿਸ਼ਨ ਤੋਂ ਨਾ ਰੋਕ ਸਕਿਆ। ਭਗਤ ਜੀ ਦਾ ਅਕਾਲ ਪੁਰਖ ਤੇ ਅਤੁੱਟ ਵਿਸ਼ਵਾਸ ਅਤੇ ਦੁਖੀ ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਕਰਕੇ ਹੀ ਇਹ ਸੰਭਵ ਹੋ ਸਕਿਆ। 1947 ਵਿੱਚ ਦੇਸ਼ ਦੀ ਵੰਡ ਉਪਰੰਤ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਰਹੇ। 1948 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖ਼ਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ਼ ਖ਼ਾਲਸਾ ਦੀਵਾਨ ਦੇ ਕੋਲ, ਕਦੇ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਕੋਲ, ਕਦੇ ਰੈੱਡਕਰਾਸ ਭਵਨ ਦੇ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਉਹਨਾਂ ਨੇ ਸੇਵਾ-ਸੰਭਾਲ ਕੀਤੀ। ਸੰਨ 1958 ਈ:ਵਿੱਚ ਤਹਿਸੀਲਪੁਰਾ ਜੀ.ਟੀ ਰੋਡ ਅੰਮ੍ਰਿਤਸਰ ਵਿਖੇ ਜਗ੍ਹਾ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। 6 ਮਾਰਚ 1957 ਨੂੰ ‘ਆਲ ਇੰਡੀਆ ਪਿੰਗਲਵਾੜਾ ਸੁਸਾਇਟੀ (ਰਜਿ:)’ ਕਰਵਾ ਲਈ। ਪਿੰਗਲਵਾੜਾ ਜੋ ਭਗਤ ਪੂਰਨ ਸਿੰਘ ਜੀ ਨੇ ਕੁਝ ਕੁ ਮਰੀਜ਼ਾਂ ਨੂੰ ਲੈ ਕੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1750 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।

ਭਗਤ ਪੂਰਨ ਸਿੰਘ ਜੀ ਨੇ ਪ੍ਰਦੂਸ਼ਣ, ਜਲ-ਸਾਧਨਾ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖਤਰਿਆਂ ਨਾਲ ਸੰਬੰਧਿਤ ਅਨੇਕਾਂ ਕਿਤਾਬਚੇ, ਟ੍ਰੈਕਟ, ਫੋਲਡਰ ਅਤੇ ਇਸ਼ਤਿਹਾਰ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੇ। ਅੱਜ ਵੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਬਾਹਰ ਘੰਟਾ ਘਰ ਚੌਂਕ ਤੇ ਸਰਾਂ (ਰਿਹਾਇਸ਼) ਵਾਲੇ ਪਾਸੇ ਅਤੇ ਦੇਸ਼ ਭਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਉਹਨਾਂ ਦੇ ਸ਼ਰਧਾਲੂ ਕਿਤਾਬਚੇ, ਟ੍ਰੈਕਟ, ਇਸ਼ਤਿਹਾਰ, ਪੈਂਫਲਿਟ, ਫੋਲਡਰ ਮੁਫ਼ਤ ਵੰਡ ਰਹੇ ਹਨ। ਪਿੰਗਲਵਾੜੇ ਵਿੱਚ ਬਿਮਾਰ, ਬੇਸਹਾਰਾ, ਮੰਦਬੁੱਧੀ ਵਾਲੇ ਬੱਚੇ ਅਤੇ ਸਿਆਣੀ ਉਮਰ ਦੇ ਮਰਦ ਅਤੇ ਇਸਤਰੀਆਂ ਚਾਹੇ ਉਹ ਕਿਸੇ ਵੀ ਕੌਮ ਜਾਂ ਜਾਤੀ ਨਾਲ ਸੰਬੰਧ ਰੱਖਦੇ ਹੋਣ, ਇਹਨਾਂ ਸਾਰਿਆਂ ਨੂੰ ਵੱਖਰੇ-ਵੱਖਰੇ ਵਾਰਡਾਂ ਵਿੱਚ ਰੱਖਿਆ ਜਾਂਦਾ ਹੈ। ਪਿੰਗਲਵਾੜਾ ਸੰਸਥਾ ਦੀ ਹਦੂਦ ਅੰਦਰ ਦਰਜ਼ੀ ਦਾ ਕੰਮ, ਟਾਈਪ ਕਰਨਾ, ਕੁਰਸੀਆਂ ਬੁਣਨੀਆਂ, ਮੋਮਬੱਤੀਆਂ, ਗੁੱਡੀਆਂ-ਖਿਡੌਣੇ, ਕਲਾ-ਕਿਰਤੀਆਂ, ਕੁਦਰਤੀ ਖੇਤੀ, ਮਸਨੂਈ ਅੰਗ, ਫਿਜ਼ਿਓਥੈਰਪੀ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਭਗਤ ਪੂਰਨ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ ‘ਪਦਮ ਸ਼੍ਰੀ’ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਭਾਰਤ ਸਰਕਾਰ ਵੱਲੋਂ 1984 ਵਿੱਚ ਸ਼੍ਰੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ ਹੋਏ ਹਮਲੇ ਸਮੇਂ ਉਹਨਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਹਨਾਂ ਨੂੰ 1990 ’ਚ ਹਾਰਮਨੀ ਐਵਾਰਡ, 1991 ’ਚ ਰੋਗ ਰਤਨ ਐਵਾਰਡ ਪ੍ਰਾਪਤ ਹੋਏ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਭਾਈ ਕਨੱਈਆ ਐਵਾਰਡ ਕਮੇਟੀ ਦੇ ਚੈਅਰਮੈਨ ਮਹੰਤ ਤੀਰਥ ਸਿੰਘ ‘ਸੇਵਾਪੰਥੀ’ ਵੱਲੋਂ ਭਾਈ ਕਨੱਈਆ ਐਵਾਰਡ ਨਾਲ ਉਹਨਾਂ ਨੂੰ ਸਨਮਾਨਿਤ ਕੀਤਾ। ਸੇਵਾ ਦੇ ਪੁੰਜ, ਨਿਸ਼ਕਾਮ ਸੇਵਾ ਦੀ ਮੂਰਤ, ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ 5 ਅਗਸਤ 1992 ਈ: ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ।

ਭਗਤ ਪੂਰਨ ਸਿੰਘ ਜੀ ਚਾਹੇ ਝੁੱਗੀਆਂ ਦੀ ਜਗ੍ਹਾ ਆਲੀਸ਼ਾਨ ਇਮਾਰਤਾਂ ਉਸਾਰ ਕੇ ਸੰਸਾਰ ਤੋਂ ਚੋਲਾ ਤਿਆਗ ਗਏ ਪਰ ਵਰਤਮਾਨ ਸਮੇਂ ਡਾ: ਇੰਦਰਜੀਤ ਕੌਰ ਜੀ ਦੀ ਦੇਖ-ਰੇਖ ਹੇਠ ਪਿੰਗਲਵਾੜਾ ’ਚ ਮਰੀਜ਼ਾਂ ਦੀ ਸੇਵਾ-ਸੰਭਾਲ ਜਾਰੀ ਹੈ। ਮਰੀਜ਼ਾਂ ਦੀ ਸੇਵਾ ਲਈ 245 ਸੇਵਾਦਾਰਨੀਆਂ, 256 ਸੇਵਾਦਾਰ ਅਤੇ 18 ਟਰੇਂਡ ਨਰਸਾਂ ਕੰਮ ਕਰ ਰਹੀਆਂ ਹਨ। ਸਾਰੇ ਵਾਰਡਾਂ ਵਿੱਚ ਸੂਰਜੀ ਸ਼ਕਤੀ ਪਲਾਂਟ ਰਾਹੀਂ ਮਰੀਜ਼ਾਂ ਦੇ ਕੱਪੜੇ ਗਰਮ ਪਾਣੀ ਨਾਲ ਧੋਤੇ ਜਾਂਦੇ ਹਨ। ਇਸ ਪ੍ਰਾਜੈਕਟ ਤੇ 12 ਲੱਖ ਰੁਪਏ ਦੇ ਕਰੀਬ ਖ਼ਰਚ ਆਇਆ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਪੂਰਨ ਸਿੰਘ ਜੀ ਦੀ ਬਰਸੀ ’ਤੇ ਰੁੱਖ ਲਾਉਣ ਦੀ ਮੁਹਿੰਮ ਵਿੱਢੀ ਜਾਂਦੀ ਹੈ। ਪਿੰਗਲਵਾੜਾ ਸੰਸਥਾ ਵੱਲੋਂ ਸਾਲ 2006 ਵਿੱਚ ਆਪਣੀ ਨਰਸਰੀ ਵਿੱਚ 60,000 ਬੂਟੇ ਪੈਦਾ ਕਰਕੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਗਏ। 20,000 ਪੌਦੇ ਸੰਸਥਾ ਵੱਲੋਂ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਸ਼ਮਸ਼ਾਨਘਾਟਾਂ ਵਿੱਚ ਲਗਾਏ ਗਏ ਹਨ।



ਪਿੰਗਲਵਾੜਾ ਦੀਆਂ ਅੰਮ੍ਰਿਤਸਰ, ਮਾਨਾਂਵਾਲਾ, ਗੋਇੰਦਵਾਲ, ਜਲੰਧਰ, ਸੰਗਰੂਰ, ਪਲਸੌਰਾ (ਚੰਡੀਗੜ੍ਹ), ਪੰਡੋਰੀ ਵੜੈਚ ਵਿਖੇ ਬਰਾਂਚਾਂ ਹਨ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ ਵਿੱਚ 412 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ। ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਭਗਤ ਪੂਰਨ ਸਿੰਘ ਸਕੂਲ ਆਫ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਬਰਾਂਚ ਵਿਖੇ ਪਿੰਗਲਵਾੜੇ ਦੇ 210 ਮੰਦ-ਬੁੱਧੀ ਬੱਚਿਆਂ ਦੀ ਬੁੱਧੀ ਵਿਕਸਤ ਕਰਨ ਲਈ ਪ੍ਰਬੰਧ ਕੀਤਾ ਗਿਆ ਹੈ। ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ (ਅੰਮ੍ਰਿਤਸਰ) ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ-ਕਢਾਈ ਦਾ ਛੇ ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 737 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ। ਗੋਇੰਦਵਾਲ ਬਰਾਂਚ ਵਿੱਚ 92 ਮਰਦ, ਚੰਡੀਗੜ੍ਹ ਬਰਾਂਚ ਵਿੱਚ 113 ਮਰੀਜ਼, ਜਲੰਧਰ ਬਰਾਂਚ ਵਿੱਚ 38 ਮਰੀਜ਼ ਹਨ। ਮਾਨਾਂਵਾਲਾ ਕੰਪਲੈਕਸ ਵਿਖੇ ਗਊਸ਼ਾਲਾ ਵਿੱਚ 265 ਗਊਆਂ ਵੱਛੇ ਤੇ ਵੱਛੀਆਂ ਹਨ। ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ।

ਭਗਤ ਪੂਰਨ ਸਿੰਘ ਮਸਨੂਈ ਅੰਗ ਕੇਂਦਰ (ਬਨਾਵਟੀ ਅੰਗ ਕੇਂਦਰ) ਵਿੱਚ 15451 ਤੋਂ ਵੱਧ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾ ਚੁੱਕੇ ਹਨ। ਪਿੰਗਲਵਾੜਾ ਸੰਸਥਾ ਦਾ ਕੰਮ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ, ਕਿਤੇ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ। ਉਥੋਂ ਦੇ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ। ਜਦ ਲਾਤੂਰ, ਚਮੋਲੀ, ਲਦਾਖ, ਸੁਨਾਮੀ ਲਹਿਰਾਂ, ਈਰਾਨ ਵਿੱਚ ਭੂਚਾਲ ਨਾਲ ਲੋਕ ਪ੍ਰਭਾਵਿਤ ਹੋਏ ਤਾਂ ਡਾ: ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਪਿੰਗਲਵਾੜੇ ਵੱਲੋਂ ਕੰਬਲ, ਕੱਪੜੇ, ਰਾਸ਼ਨ, ਦਵਾਈਆਂ ਪੀੜ੍ਹਤਾਂ ਦੇ ਘਰ-ਘਰ ਜਾ ਕੇ ਰਾਹਤ ਸਮੱਗਰੀ ਵੰਡੀ ਗਈ। ਜਲੰਧਰ ਤੇ ਕਪੂਰਥਲਾ ਵਿੱਚ ਵੀ ਸੰਨ 2008 ਵਿੱਚ ਆਏ ਹੜ੍ਹਾਂ ਨਾਲ 800 ਪੀੜ੍ਹਤ ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਪਿੰਗਲਵਾੜਾ ਸੰਸਥਾ ਲੋੜ ਅਨੁਸਾਰ ਗ਼ਰੀਬ ਤੇ ਅਪਾਹਜ ਲੋਕਾਂ ਨੂੰ ਟਰਾਈ ਸਾਈਕਲ ਪ੍ਰਦਾਨ ਕਰਕੇ ਉਹਨਾਂ ਨੂੰ ਆਤਮ ਨਿਰਭਰ ਹੋਣ ਵਿੱਚ ਮਦਦ ਕਰਦਾ ਹੈ। ਸੰਸਥਾ ਵੱਲੋਂ 100 ਦੇ ਕਰੀਬ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾ ਚੁੱਕਾ ਹੈ।

ਭਗਤ ਪੂਰਨ ਸਿੰਘ ਜੀ ਦੇ ਜੀਵਨ ਸੰਬੰਧੀ ਕੁਝ ਵੀਡੀਓ ਫਿਲਮਾਂ ਪਿੰਗਲਵਾੜਾ ਪਰੈਸੈਨਟੇਸ਼ਨ, ਏ ਸੈਲਫਲੈਸ ਲਾਈਫ਼, ਦਸਤਾਵੇਜ਼ੀ ਫਿਲਮਾਂ, ਇਹੁ ਜਨਮੁ ਤੁਮ੍ਹਾਰੇ ਲੇਖੇ ਰਿਲੀਜ਼ ਹੋਈ। ਜਿਸ ਨੂੰ ਵੱਡੀ ਤਾਦਾਦ ਵਿੱਚ ਲੋਕਾਂ ਨੇ ਪਸੰਦ ਕੀਤਾ। ਭਗਤ ਜੀ ਦੇ ਬਚਪਨ ਦਾ ਰੋਲ ਪਿੰਗਲਵਾੜਾ ਸੰਸਥਾ ਦੇ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀ ਯੁਵਰਾਜ ਨੇ ਕੀਤਾ ਹੈ। ਫਿਲਮ ਵਿੱਚ ਸ਼ਾਮਲ ਕਲਾਕਾਰਾਂ ਦੀ ਟੀਮ ਵਿੱਚੋਂ ਇੱਕ ਕਲਾਕਾਰ ਨੇ ਭਗਤ ਪੂਰਨ ਸਿੰਘ ਜੀ ਦੇ ਕਾਰਜਾਂ ਤੋਂ ਪ੍ਰਭਾਵਿਤ ਹੁੰਦਿਆਂ ਐਲਾਨ ਕੀਤਾ ਕਿ ਉਹ ਆਪਣਾ ਵਿਆਹ ਪਿੰਗਲਵਾੜੇ ਦੀ ਕਿਸੇ ਇੱਕ ਲੜਕੀ ਨਾਲ ਕਰੇਗਾ।

ਭਾਰਤ ਸਰਕਾਰ ਵੱਲੋਂ 10 ਦਸੰਬਰ 2004 ਨੂੰ ਭਗਤ ਪੂਰਨ ਸਿੰਘ ਜੀ ਦੀ ਇੱਕ ਡਾਕ-ਟਿਕਟ ਦਿੱਲੀ ਵਿਖੇ ਰਿਲੀਜ਼ ਕੀਤੀ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ‘ਭਗਤ ਪੂਰਨ ਸਿੰਘ ਚੇਅਰ’ ਸਥਾਪਿਤ ਹੈ। ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ‘‘ਅਜਾਇਬ ਘਰ’’ ਪਿੰਗਲਵਾੜਾ ਵਿੱਚ ਸਥਾਪਿਤ ਹੈ। ਭਗਤ ਪੂਰਨ ਦੇ ਜਨਮ ਸਥਾਨ ਤੇ ਪਿੰਡ ਰਾਜੇਵਾਲ ਵਿਖੇ ‘ਭਗਤ ਪੂਰਨ ਸਿੰਘ ਸਮਾਰਕ’ ਦਾ ਨਿਰਮਾਣ ਹੋ ਚੁੱਕਾ ਹੈ। ਭਗਤ ਪੂਰਨ ਸਿੰਘ ਜੀ ਵੱਲੋਂ ਲਿਖੇ ਅਤੇ ਪ੍ਰਕਾਸ਼ਿਤ ਕੀਤੇ ਕਿਤਾਬਚੇ ਪੰਜਾਬੀ ਦੇ 35, ਅੰਗਰੇਜ਼ੀ ਦੇ 23 ਅਤੇ 10 ਫੋਲਡਰ, ਹਿੰਦੀ ’ਚ 77 ਟ੍ਰੈਕਟ, ਫੋਲਡਰ, 21 ਹੱਥ ਲਿਖਤਾਂ, ਭਗਤ ਜੀ ਵੱਲੋਂ ਪ੍ਰਕਾਸ਼ਿਤ ਵੱਖ-ਵੱਖ ਰਾਗਾਂ ਦੇ 58 ਗੁਰਬਾਣੀ ਦੇ ਸ਼ਬਦ ‘ਭਗਤ ਪੂਰਨ ਸਿੰਘ ਅਜਾਇਬ ਘਰ’ ਵਿੱਚ ਸੁਭਾਇਮਾਨ ਹਨ। ਪਿੰਗਲਵਾੜਾ ਸੰਸਥਾ ਵੱਲੋਂ ਹੁਣ ਤੱਕ ਪੰਜਾਬੀ ਦੀਆਂ 70 ਪੁਸਤਕਾਂ, 76 ਕਿਤਾਬਚੇ, ਅੰਗਰੇਜ਼ੀ ਦੀਆਂ 61 ਪੁਸਤਕਾਂ ਤੇ 33 ਕਿਤਾ-ਬਚੇ, ਹਿੰਦੀ ਦੀਆਂ 49 ਪੁਸਤਕਾਂ-ਕਿਤਾਬਚੇ ਛਾਪੇ ਗਏ ਹਨ। ਇਹ ਸਾਰੀ ਸਮੱਗਰੀ ਪਿੰਗਲਵਾੜਾ ਦੇ ਆਪਣੇ ਛਾਪੇਖਾਨੇ ‘ਪੂਰਨ ਪ੍ਰਿੰਟਿੰਗ ਪ੍ਰੈਸ ਵਿੱਚ ਹੁਣ 19 ਮੈਨੂਅਲ ਮਸ਼ੀਨਾਂ ਦੀ ਥਾਂ ਤੇ 2 ਆਟੋ ਪ੍ਰਿੰਟ ਮਸ਼ੀਨਾਂ ਰਾਹੀਂ ਛਾਪੀ ਜਾਂਦੀ ਹੈ।

ਪਿੰਗਲਵਾੜਾ ਸੰਸਥਾ ਦਾ ਕੋਈ ਵੀ ਸੇਵਾਦਾਰ ਡੱਬਿਆਂ (ਦਾਨ-ਪਾਤਰ) ਨਾਲ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਗਲੀ-ਮੁਹੱਲਿਆਂ ਜਾਂ ਕਿਸੇ ਵੀ ਸਥਾਨ ’ਤੇ ਘੁੰਮ ਫਿਰ ਕੇ ਮਾਇਆ ਦੀ ਉਗਰਾਹੀ ਨਹੀਂ ਕਰ ਰਿਹਾ। ਸਰਬੱਤ ਗੁਰੂ ਨਾਨਕ ਨਾਮ ਲੇਵਾ ਮਾਈ-ਭਾਈ ਆਪਣੀ ਕਿਰਤ-ਕਮਾਈ ਵਿੱਚੋਂ ਦਸਵੰਧ ਕੱਢ ਕੇ ਪਿੰਗਲਵਾੜਾ ਸੰਸਥਾ ਨੂੰ ਨਕਦ, ਚੈੱਕ, ਡਰਾਫਟ ਰਾਹੀਂ ਭੇਜੋ। ਇਹ ਹੀ ਭਗਤ ਪੂਰਨ ਸਿੰਘ ਜੀ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

ਆਲ ਇੰਡੀਆ ਪਿੰਗਲਵਾੜਾ ਸੁਸਾਇਟੀ (ਰਜਿ:) ਅੰਮ੍ਰਿਤਸਰ ਵੱਲੋਂ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ 1 ਤੋਂ 5 ਅਗਸਤ ਦਿਨ ਸ਼ੁੱਕਰਵਾਰ ਤੋਂ ਮੰਗਲਵਾਰ ਤੱਕ ਪਿੰਗਲਵਾੜਾ ਮਾਨਾਂਵਾਲਾ ਬਰਾਂਚ ਅਤੇ ਮੁੱਖ ਦਫ਼ਤਰ ਜੀ.ਟੀ. ਰੋਡ, ਅੰਮ੍ਰਿਤਸਰ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। 1 ਅਗਸਤ ਦਿਨ ਸ਼ੁੱਕਰਵਾਰ ਨੂੰ ਮੁੱਖ ਦਫ਼ਤਰ ਤਹਿਸੀਲਪੁਰਾ ਰੋਡ, ਨੇੜੇ ਬੱਸ ਸਟੈਂਡ, ਅੰਮ੍ਰਿਤਸਰ ਵਿਖੇ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਪ੍ਰਾਇਮਰੀ ਤੱਕ ਦੇ ਬੱਚਿਆਂ ਅਤੇ ਮਰੀਜ਼ਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ । 2 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਮਾਨਾਂਵਾਲਾ ਬ੍ਰਾਂਚ ਵਿਖੇ ਖੂਨਦਾਨ ਕੈਂਪ ਲਗਾਇਆ ਜਾਵੇਗਾ । 3 ਅਗਸਤ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਮੁੱਖ ਦਫ਼ਤਰ ਤਹਿਸੀਲਪੁਰਾ ਰੋਡ, ਨੇੜੇ ਬੱਸ ਸਟੈਂਡ, ਅੰਮ੍ਰਿਤਸਰ ਵਿਖੇ ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸਕੂਲੀ ਬੱਚਿਆਂ ਦੀਆਂ ਬਣਾਈਆਂ ਕਲਾ ਕਿਰਤੀਆਂ, ਕੁਦਰਤੀ ਖੇਤੀ, ਅੰਗਹੀਣਾਂ ਵਾਸਤੇ ਮੁਫ਼ਤ ਮਸਨੂਈ ਅੰਗ ਅਤੇ ਫਿਜ਼ੀਓਥਰੈਪੀ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ । 4 ਅਗਸਤ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ 1.50 ਵਜੇ ਤੱਕ ਉਪਰੋਕਤ ਸਥਾਨ ਤੇ ਸੱਭਿਆਚਾਰ ਅਤੇ ਆਚਰਣ ਵਿਸ਼ੇ ਤੇ ਸੈਮੀਨਾਰ ਹੋਵੇਗਾ। ਜਿਸ ਵਿੱਚ ਸ੍ਰ: ਹਰਵਿੰਦਰ ਸਿੰਘ ਭੱਟੀ, ਡਾ: ਸਵਰਾਜਬੀਰ ਸਿੰਘ, ਡਾ: ਪਿਆਰਾ ਲਾਲ ਗਰਗ, ਸ੍ਰ: ਹਮੀਰ ਸਿੰਘ ਅਤੇ ਸ੍ਰ: ਸੁਮੇਲ ਸਿੰਘ ਉਚੇਚੇ ਤੌਰ ਤੇ ਹਾਜ਼ਰੀ ਭਰਨਗੇ । 5 ਅਗਸਤ ਦਿਨ ਮੰਗਲਵਾਰ ਨੂੰ ਮੁੱਖ ਦਫ਼ਤਰ ਨੇੜੇ ਬੱਸ ਸਟੈਂਡ ਵਿਖੇ ਸਵੇਰੇ ਸਾਢੇ ਅੱਠ ਵਜੇ ਸ੍ਰੀ ਸਹਿਜ ਪਾਠ ਦਾ ਭੋਗ ਪਾਇਆ ਜਾਵੇਗਾ ਉਪਰੰਤ ਭਾਈ ਜਸਬੀਰ ਸਿੰਘ ਜੀ ਅਤੇ ਪਿੰਗਲਵਾੜੇ ਦੇ ਬੱਚਿਆਂ ਵੱਲੋਂ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ ਜਾਵੇਗਾ। ਦੁਪਹਿਰ 12 ਵਜੇ ਤੋਂ 1.30 ਵਜੇ ਤੱਕ ਭਗਤ ਪੂਰਨ ਸਿੰਘ ਜੀ ਦੇ ਜੀਵਨ ਅਤੇ ਵਾਤਾਵਰਨ ਸੰਬੰਧੀ ਵਿਚਾਰਾਂ ਹੋਣਗੀਆਂ। ਦੁਪਹਿਰ 1.30 ਵਜੇ ਤੋਂ 2 ਵਜੇ ਤੱਕ ਪਿੰਗਲਵਾੜਾ ਸੋਵੀਨਰ ਅਤੇ ਪੁਸਤਕਾਂ ਦੀ ਘੁੰਡ ਚੁਕਾਈ ਕੀਤੀ ਜਾਵੇਗੀ ।ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**

**#1138/63-ਏ, ਗੁਰੂ ਤੇ.ਗ ਬਹਾਦਰ ਨਗਰ,**

**ਗਲੀ ਨੰਬਰ-1, ਚੰਡੀਗੜ੍ਹ ਰੋਡ,**

**ਜਮਾਲਪੁਰ, ਲੁਧਿਆਣਾ।**

**Emial- karnialiSnghma@gmial.com**

# ਉੱਕਨਾਗਨ ਦੇ ਜੰਗਲਾਂ ਚ ਲੱਗੀ ਭਿਆਨਕ ਅੱਗ ਕਾਰਨ 400 ਤੋਂ ਵਧੇਰੇ ਘਰਾਂ ਨੂੰ ਖਾਲੀ ਕਰਨ ਦੇ ਹੁਕਮ -ਹਾਈਵੇ 97 ਸੀ ਬੰਦ



**ਵੈਨਕੂਵਰ (ਮਲਕੀਤ ਸਿੰਘ )**-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਉਕਨ-ਾਗਨ ਜੰਗਲੀ ਖੇਤਰ ਚ ਅੱਗ ਲੱਗਣ ਦੀ ਘਟਨਾਵਾਂ ਨੇ ਇੱਕ ਵਾਰੀ ਮੁੜ ਤੋਂ ਆਮ ਜਨ ਜੀਵਨ ਪ੍ਰਭਾਵਿਤ ਕਰ ਦਿੱਤਾ ਹੈ। ਇਸ ਸਬੰਧੀ ਪ੍ਰਾਪਤ ਤਾਜ਼ਾ ਜਾਣਕਾਰੀ ਮੁਤਾਬਕ ਇਸ ਖੇਤਰ ਦੇ ਜੰਗਲਾਂ ਚ ਲੱਗੀ ਅੱਗ ਕਾਰਨ 400 ਤੋਂ ਵਧੇਰੇ ਘਰਾਂ ਨੂੰ ਤੁਰੰਤ ਖਾਲੀ ਕਰਨ ਦਾ ਹੁਕਮ ਦਿੱਤਾ ਗਿਆ ਹੈ। ਅਤੇ ਇਸ ਅੱਗ ਕਾਰਨ ਹਾਈਵੇ 97 ਸੀ ਨੂੰ ਮਜਬੂਰੀ ਕਾਰਨ ਆਰਜੀ ਤੌਰ ਤੇ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈਙ ਜਿਸ ਕਾਰਨ ਉੱਥੋਂ ਦੇ ਵਸਨੀਕਾਂ ਦੇ ਨਾਲ ਨਾਲ ਸੈਲਾਨੀਆਂ ਅਤੇ ਕਾਰੋਬਾਰੀ ਗਤੀਵਿਧੀਆਂ ਨਾਲ ਜੁੜੇ ਲੋਕਾ ਨੂੰ ਵੀ ਕਾਫੀ ਹੱਦ ਤੱਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਭਿਆਨਕ ਤੇ ਅੱਗ ਕਾਬੂ ਪਾਉਣ ਚ ਜੁਟੀਆਂ ਬਚਾਅ ਕਾਰਜ ਦੀਆਂ ਟੀਮਾਂ ਵੱਲੋਂ ਹੈਲੀਕਾਪਟਰਾਂ ਅਤੇ ਹੋਰਨਾਂ ਸਾਧਨਾਂ ਰਾਹੀਂ ਹਾਲਾਤਾਂ ਤੇ ਕਾਬੂ ਪਾਉਣ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।ਙ ਜ਼ਿਕਰਯੋਗ ਹੈ ਕਿ ਕੁਦਰਤੀ ਨਜਾਰਿਆ ਨਾਲ ਭਰਪੂਰ ਉਕਨਾਗਨ ਦਾ ਇਲ-ਾਕਾ ਆਪਣੇ ਅੰਗੂਰਾਂ ਦੀ ਪੈਦਾਵਾਰ ਅਤੇ ਸੈਲਾਨੀਆਂ ਦੀ ਪਸੰਦੀਦਾ ਸ਼ੈਰਗਾਹ ਵਜੋਂ ਜਾਣਿਆ ਜਾਂਦਾ ਹੈ।

# ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਬਸਪਾ ਵਲੋਂ ਸਰਧਾਂਜਲੀ ਭੇਂਟ ਕੀਤੀ

## ਸਮੇਂ ਦੀਆਂ ਸਰਕਾਰਾਂ ਨੇ ਸਿਰਫ਼ ਸ਼ਹੀਦਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਨਹੀਂ ਕੀਤਾ ਪ੍ਰਵੀਨ ਬੰਗਾ, ਗੁਰਨਾਮ ਚੋਧਰੀ



**ਸ਼ਹੀਦ ਊਧਮ ਸਿੰਘ ਜੀ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਪ੍ਰਵੀਨ ਬੰਗਾ, ਚੋਧਰੀ ਗੁਰਨਾਮ ਸਿੰਘ, ਸਤਪਾਲ ਰਟੈਂਡਾ ਮਹਿੰਦਰ ਪਾਲ ਪਟਵਾਰੀ ਤੇ ਬਸਪਾ ਲੀਡਰਸ਼ਿਪ।**

**ਬੰਗਾ (ਸਮਾਜ ਵੀਕਲੀ)** ਬਹੁਜਨ ਸਮਾਜ ਦਾ ਗੌਰਵ ਕੋਮੀ ਸ਼ਹੀਦ ਊਧਮ ਸਿੰਘ ਜੀ ਦੀ 85ਵੀਂ ਬਰਸੀ ਤੇ ਪਿੰਡ ਕਟਾਰੀਆਂ ਵਿਖੇ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਦੀ ਅਗਵਾਈ ਵਿੱਚ ਸਟੈਚੂ ਤੇ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਤੇ ਇਲਾਕਾ ਨਿਵਾਸੀਆਂ ਵਲੋਂ ਸ਼ਰਧਾ ਦੇ ਫੂਲ ਭੇਂਟ ਕੀਤੇ ਬੰਗਾ ਜੀ ਤੋਂ ਇਲਾਵਾ ਵਿਸ਼ੇਸ਼ ਤੋਰ ਤੇ ਬਸਪਾ ਪੰਜਾਬ ਦੇ ਕੋਆਰਡੀਨੇਟਰ ਸ੍ਰੀ ਗੁਰਨਾਮ ਚੋਧਰੀ ਬੰਗਾ ਹਲਕੇ ਦੇ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ ਜੀ ਬਜੁਰਗ ਆਗੂ ਅਜੀਤ ਰਾਮ ਗੁਣਾਚੌਰ ਮਹਿੰਦਰ ਪਾਲ ਪਟਵਾਰੀ ਜਿਲਾ ਯੂਥ ਆਗੂ ਕੁਲਦੀਪ ਬਹਿਰਾਮ ਪੁੱਜੇ ਬਸਪਾ ਆਗੂ ਗੁਰਨਾਮ ਸਿੰਘ ਜੀ ਤੇ ਬਸਪਾ ਆਗੂ ਪ੍ਰਵੀਨ ਬੰਗਾ ਜੀ ਨੇ ਸ਼ਹੀਦ ਊਧਮ ਸਿੰਘ ਜੀ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਆਖਿਆ ਊਧਮਸਿੰਘ ਜੀ ਨੇ ਜਿਲਿਆਂ ਵਾਲੇ ਬਾਗ ਦੇ ਨਿਹਥੇ ਪੰਜਾਬੀਆਂ ਦੇ ਖੂਨੀ ਸਾਕੇ ਦਾ ਬਦਲਾ 20ਸਾਲ ਬਾਅਦ ਲੰਡਨ ਵਿੱਚ ਜਨਰਲ ਡਾਇਰ ਨੂੰ ਮਾਰਕੇ ਬਦਲਾ ਲਿਆ ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਸਦਿਆਂ ਫਾਂਸੀ ਦਾ ਰਸਾ ਚੁੰਮਿਆ ਪਰ ਦੇਸ਼ ਦੀ ਅਜਾਦੀ ਤੋ 78ਸਾਲ ਬਾਅਦ ਵੀ ਸਮੇ ਦੀਆਂ ਸਰਕਾਰਾਂ ਨੇ ਸ਼ਹੀਦਾਂ ਨੂੰ ਬਣਦਾ ਨਾ ਸਨਮਾਨ ਦਿੱਤਾ ਤੇ ਨਾ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਸਿਰਫ਼ ਸ਼ਹੀਦਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਹੈ ਸ਼ਹੀਦਾਂ ਦੇ ਸੁਪਨਿਆਂ ਦਾ ਘਾਣ ਕੀਤਾ ਜਾ ਰਿਹਾ ਹੈ ਬਸਪਾ ਆਗੂ ਪ੍ਰਵੀਨ ਬੰਗਾ ਨੇ ਆਖਿਆ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪਰਦੇਸ ਵਿੱਚ ਬਸਪਾ ਦੀ ਪਹਿਲੀ ਵਾਰ ਭੈਣ ਕੁਮਾਰੀ ਮਾਇਆ ਵਤੀ ਜੀ ਦੀ ਅਗਵਾਈ ਵਿੱਚ 1995 ਵਿਚ ਸਰਕਾਰ ਬਣੀ ਤਾਂ ਸ਼ਹੀਦ ਊਧਮ ਸਿੰਘ ਜੀ ਦੇ ਨਾਂ ਤੇ ਜਿਲਾ ਬਣਾ ਕੇ ਉਨ੍ਹਾਂ ਦਾ ਬਣਦਾ ਸਨਮਾਨ ਕਰਕੇ ਇਤਹਾਸ ਰਚਿਆ ਬਸਪਾ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ ਬੰਗਾ ਹਲਕੇ ਦੇ ਪ੍ਰਧਾਨ ਸਤਪਾਲ ਰਟੈਂਡਾ ਜੀ ਨੇ ਵੀ ਸਰਧਾਂਜਲੀ ਭੇਂਟ ਕਰਦੇ ਹੋਏ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਇੰਦਰਜੀਤ ਅਟਾਰੀ ਧਰਮ ਪਾਲ ਤਲਵੰਡੀ ਪਰਕਾਸ਼ ਫਰਾਲਾ, ਮਲਕੀਤ ਮੰਢਾਲੀ, ਪਰਮਜੀਤ ਮਹਿਸਮਪੁਰ, ਪਰਮਜੀਤ ਸਿੰਘ ਦੋਸਾਂਝ, ਜਗਤਾਰ ਸਿੰਘ ਚਕਰਾਮੂ, ਤੀਰਥ ਕਲਸੀ ਅਵਤਾਰ ਲਾਦੀਆਂ, ਪਰਵਿੰਦਰ ਕਲਸੀ ਪਰੇਮ ਕਲਸੀ, ਤੋ ਇਲਾਵਾ ਇਲਾਕੇ ਤੇ ਪਿੰਡ ਵਾਸੀਆਂ ਨੇ ਵੀ ਸ਼ਹੀਦ ਊਧਮ ਸਿੰਘ ਜੀ ਨੂੰ ਸਰਧਾਂਜਲੀ ਭੇਂਟ ਕੀਤੀਆਂ।

# ਸ਼ਹੀਦ ਊਧਮ ਸਿੰਘ – ਸੂਰਮਾ

ਊਧਮ ਸਿੰਘ ਦੇਸ਼ ਪੰਜਾਬ ਦਾ ਇੱਕ ਅਜਿਹਾ ਬਹਾਦੁਰ ਸੂਰਮਾ ਹੈ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਜਿਸਨੇ ਘਰ ਵਿੱਚ ਵੜ ਕੇ ਦੁਸ਼ਮਣ ਨੂੰ ਮਾਰ ਮੁਕਾਇਆ ਅਤੇ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲਿਆ। ਉਨ੍ਹਾਂ ਦਾ ਬਚਪਨ ਅਨਾਥ ਆਸ਼ਰਮ ਵਿੱਚ ਬੀਤਿਆ, ਪਰ ਉਨ੍ਹਾਂ ਦੇ ਦਿਲ ਵਿੱਚ ਆਜ਼ਾਦੀ ਦੀ ਅਜਿਹੀ ਲਾਟ ਸੀ ਕਿ ਉਨ੍ਹਾਂ ਨੂੰ ਸ਼ਹੀਦ ਕਿਹਾ ਗਿਆ।

ਸ਼ਹੀਦ ਊਧਮ ਸਿੰਘ ਦੀ, ਜਿਨ੍ਹਾਂ ਦਾ ਜਨਮ 26 ਦਸੰਬਰ 1899 ਈ:ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਸੁਨਾਮ ਵਿਖੇ ਹੋਇਆ ਸੀ। ਊਧਮ ਸਿੰਘ ਦੇ ਮਾਤਾ-ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਇਸ ਘਟਨਾ ਕਾਰਨ ਉਸ ਨੂੰ ਆਪਣੇ ਵੱਡੇ ਭਰਾ ਸਮੇਤ ਅੰਮ੍ਰਿਤਸਰ ਦੇ ਇੱਕ ਅਨਾਥ ਆਸ਼ਰਮ ਵਿੱਚ ਰਹਿਣਾ ਪਿਆ। ਇਥੇ ਰਹਿੰਦੀਆਂ ਹੀ ਜਲਿਆਂਵਾਲੇ ਬਾਗ਼ ਦੀ ਘਟਨਾ ਤੋਂ ਬਾਅਦ ਉਸਦੇ ਅੰਦਰ ਦੇਸ਼ ਪਿਆਰ ਦੀ ਚੇਟਕ ਲੱਗ ਗਈ।

ਬਾਅਦ ਵਿੱਚ ਸਰਦਾਰ ਊਧਮ ਸਿੰਘ ਨੇ ਭਾਰਤੀ ਸਮਾਜ ਦੀ ਏਕਤਾ ਲਈ ਆਪਣਾ ਨਾਮ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ, ਜੋ ਕਿ ਭਾਰਤ ਦੇ ਤਿੰਨ ਪ੍ਰਮੁੱਖ ਧਰਮਾਂ ਦਾ ਪ੍ਰਤੀਕ ਹੈ। ਊਧਮ ਸਿੰਘ ਨੇ ਆਪਣਾ ਨਾਂ ਪਾਸਪੋਰਟ ਲੈਣ ਲਈ ਬਦਲ ਲਿਆ। ਗ਼ਦਰ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਊਧਮ ਸਿੰਘ ਵੀ ਪੰਜ ਸਾਲ ਦੀ ਕੈਦ ਕੱਟ ਕੇ ਆਇਆ ਸੀ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਸ ਨੇ ਪਾਸਪੋਰਟ ਬਣਵਾ ਕੇ ਵਿਦੇਸ਼ ਜਾਣ ਦਾ ਫ਼ੈਸਲਾ ਕੀਤਾ। ਭਗਤ ਸਿੰਘ ਉਸ ਦਾ ਦੋਸਤ ਸੀ, ਦੋਵਾਂ ਦੀ ਲਾਹੌਰ ਜੇਲ੍ਹ ਵਿੱਚ ਇੱਕ ਵਾਰ ਮੁਲਾਕਾਤ ਵੀ ਹੋਈ ਸੀ।

ਊਧਮ ਸਿੰਘ ਨੇ ਜਦ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੀ ਖ਼ਬਰ ਸੁਣੀ ਤਾਂ ਉਹ ਬਹੁਤ ਦੁਖੀ ਹੋਇਆ। ਇਹ ਦੁੱਖ ਉਸ ਨੂੰ ਅੰਦਰ ਹੀ ਅੰਦਰ ਖਾ ਰਿਹਾ ਸੀ। ਉਹ ਕਈ ਦਿਨ ਚੁੱਪ ਰਿਹਾ ਅਤੇ ਖਾਧਾ-ਪੀਤਾ ਵੀ ਕੁਝ ਨਾ। ਊਧਮ ਸਿੰਘ ਹਰ ਸਮੇਂ ਆਪਣੇ ਦੇਸ਼ ਦੀ ਅਜ਼ਾਦੀ ਬਾਰੇ ਸੋਚਦਾ ਰਹਿੰਦਾ ਸੀ। ਉਹ ਇਹ ਵੀ ਸੋਚਦਾ ਕਿ ਜਲ੍ਹਿਆਂਵਾਲੇ ਬਾਗ਼ ਦਾ ਬਦਲਾ ਕਿਵੇਂ ਲਿਆ ਜਾ ਸਕੇ। ਲੰਡਨ ਪੁੱਜ ਕੇ ਊਧਮ ਸਿੰਘ ਨੇ ਇੰਜੀਨੀਅਰਿੰਗ ਦਾ ਕੋਰਸ ਕਰ ਕੇ ਉੱਥੇ ਹੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ, ਪਰੰਤੂ ਉਹ ਕਿਸੇ ਹੋਰ ਤਾਕ ਵਿੱਚ ਸੀ। ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਉਸਨੂੰ ਅੰਦਰੋਂ ਹੀ ਅੰਦਰੋਂ ਵਲੂੰਧਰ ਰਿਹਾ ਸੀ। ਉਹ ਲਗ-ਪਗ ਸੱਤ ਸਾਲ ਇੰਗਲੈਂਡ ਵਿੱਚ ਰਿਹਾ। ਇਸ ਦੌਰਾਨ ਜਨਰਲ ਡਾਇਰ ਤਾਂ ਮਰ ਚੁੱਕਾ ਸੀ। ਉਸ ਸਮੇਂ ਦੇ ਪੰਜਾਬ ਦਾ ਗਵਰਨਰ ਸਰ ਮਾਈਕਲ ਉਡਵਾਇਰ ਅਜੇ ਜਿਊਂਦਾ ਸੀ।

13 ਮਾਰਚ, 1940 ਨੂੰ ਭਾਰਤ ਵਿੱਚ ਰਹਿ ਚੁੱਕੇ ਅੰਗਰੇਜ਼ ਅਫ਼ਸਰਾਂ ਦੀ ਮੀਟਿੰਗ ਲੰਡਨ ਦੇ ਕੈਕਸਟਨ ਹਾਲ ਵਿੱਚ ਹੋ ਰਹੀ ਸੀ, ਜਿਸ ਬਾਰੇ ਉਧਮ ਸਿੰਘ ਨੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਸ ਮੀਟਿੰਗ ਵਿੱਚ ਸਰ ਮਾਈਕਲ ਉਡਵਾਇਰ ਸਾਬਕਾ ਲੈਫ਼ਟੀਨੈਂਟ ਗਵਰਨਰ ਪੰਜਾਬ, ਲਾਰਡ ਜੈਂਟਲੈਂਡ, ਲਾਰਡ ਲਮਿੰਗਟਨ ਅਤੇ ਹੋਰ ਅਨੇਕਾਂ ਉੱਚ ਅਧਿਕਾਰੀ ਮੌਜੂਦ ਸਨ। ਊਧਮ ਸਿੰਘ ਵੀ ਇਸ ਹਾਲ ਵਿੱਚ ਅੰਗਰੇਜ਼ੀ ਅੰਦਾਜ਼ ਦੇ ਕੱਪੜੇ ਅਤੇ ਹੈਟ ਪਹਿਨ ਕੇ ਪਹੁੰਚ ਗਿਆ।

ਹਾਲ ਵਿੱਚ ਸਰ ਮਾਈਕਲ ਉਡਵਾਇਰ ਨੇ ਬੜੇ ਜੋਸ਼ ਨਾਲ ਆਪਣਾ ਭਾਸ਼ਣ ਦੇਣਾ ਸ਼ੁਰੂ ਕੀਤਾ। ਅਜੇ ਉਸ ਨੇ ਕੁਝ ਸ਼ਬਦ ਹੀ ਬੋਲੇ ਸਨ ਕਿ ਊਧਮ ਸਿੰਘ ਨੇ ਇੱਕ ਨੁੱਕਰ 'ਚੋਂ ਉੱਠ ਕੇ ਉਡਵਾਇਰ ਨੂੰ ਪਸਤੌਲ ਦੀਆਂ ਗੋਲੀਆਂ ਨਾਲ ਸਦਾ ਦੀ ਨੀਂਦ ਸੁਆ ਦਿੱਤਾ। ਇਸ ਲੜਾਈ ਵਿੱਚ ਲਾਰਡ ਜੈਂਟਲੈਂਡ ਅਤੇ ਲਾਰਡ ਲਮਿੰਗਟਨ ਵੀ ਜ਼ਖ਼ਮੀ ਹੋ ਗਏ। ਸਾਰੇ ਹਾਲ ਵਿੱਚ ਭਗਦੜ ਮੱਚ ਗਈ। ਊਧਮ ਸਿੰਘ ਦਲੇਰੀ ਨਾਲ ਉੱਥੇ ਹੀ ਖੜਾ ਰਿਹਾ, ਜਿਵੇਂ ਕਹਿ ਰਿਹਾ ਹੋਵੇ, “ਮੈਨੂੰ ਫੜ ਲਓ ਲੰਡਨ ਵਾਸੀਓ, ਮੈਂ ਖੜਾ ਪੁਕਾਰਾਂ’। ਇਹ ਖ਼ਬਰ ਦੁਨੀਆਂ ਭਰ ਵਿੱਚ ਅੱਗ ਵਾਂਗ ਫੈਲ ਗਈ। ਊਧਮ ਸਿੰਘ ਨੂੰ ਗਰਿਫ਼ਤਾਰ ਕਰ ਲਿਆ ਗਿਆ। ਉਸ ਨੇ ਬੜੇ ਮਾਣ ਨਾਲ ਆਪਣੇ ਕਾਰਨਾਮੇ ਦਾ ਇਕਬਾਲ ਕੀਤਾ।ਊਧਮ ਸਿੰਘ ਨੂੰ ਬਰਿਕਸਟਨ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਤੇ ਉਸ 'ਤੇ ਮੁਕੱਦਮਾ ਚਲਾਇਆ ਗਿਆ। ਜੇਲ੍ਹ ਵਿੱਚ ਉਹ ਬਹੁਤ ਹੌਸਲੇ ਨਾਲ ਰਿਹਾ। ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਉਸ ਨੇ ਆਖਿਆ, “ਮੈਂ ਮਰਨ ਤੋਂ ਨਹੀਂ ਡਰਦਾ। ਮੈਂ ਉਡਵਾਇਰ ਨੂੰ ਮਾਰ ਕੇ ਹਜ਼ਾਰਾਂ ਬੇਗੁਨਾਹਾਂ ਦੇ ਖ਼ੂਨ ਦਾ ਬਦਲਾ ਲਿਆ ਹੈ। ਇਸ ਅਨੋਖੇ ਤੇ ਉੱਦਮੀ ਕਾਰਨਾਮੇ ਲਈ ਊਧਮ ਸਿੰਘ ਨੂੰ 20 ਸਾਲ, 11 ਮਹੀਨੇ ਤੱਕ ਉਡੀਕ ਕਰਨੀ ਪਈ ਜੋ ਦੁਨੀਆ ਦੇ ਇਤਿਹਾਸ ਵਿੱਚ ਇੱਕ ਵਿਚਿੱਤਰ ਘਟਨਾ ਹੈ।ਆਖ਼ਰ 31 ਜੁਲਾਈ, 1940 ਈ. ਨੂੰ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। ਇਸ ਸੂਰਬੀਰ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਸਰਕਾਰ ਰਾਹੀਂ ਪੰਜਾਬ ਵਿੱਚ ਲਿਆਂਦੀਆਂ ਗਈਆਂ ਤੇ ਉਸ ਦੇ ਜੱਦੀ ਪਿੰਡ ਸੁਨਾਮ ਵਿਖੇ 31 ਜੁਲਾਈ, 1974 ਨੂੰ ਪੂਰੇ ਸਨਮਾਨਾਂ ਨਾਲ ਉਹਨਾਂ ਦਾ ਸਸਕਾਰ ਕੀਤਾ ਗਿਆ। ਅੱਜ ਸਿਰਫ਼ ਸਾਡੇ ਕੋਲੋਂ ਇਹਨਾਂ ਦੀਆ ਯਾਦਾਂ ਹੀ ਰਹਿ ਗਈਆਂ ਹਨ। ਇਸ ਅਮਰ ਸ਼ਹੀਦ ਦੀ ਯਾਦ ਵਿੱਚ ਕਈ ਕਾਲਜ, ਸਕੂਲ, ਹਸਪਤਾਲ, ਲਾਇਬ੍ਰੇਰੀਆਂ, ਇੱਕ ਨਗਰ ਅਤੇ ਹੋਰ ਕਈ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਪੰਜਾਬ ਦੇ ਇਸ ਸੂਰਬੀਰ ਨੂੰ ਆਉਣ ਵਾਲੀਆਂ ਨਸਲਾਂ ਸਦਾ ਚੇਤੇ ਰੱਖਣਗੀਆਂ। ਦੁਨੀਆਂ ਅਜਿਹੇ ਸੂਰਮਿਆਂ ਨੂੰ ਹਮੇਸ਼ਾ ਸਿੱਜਦਾ ਕਰਦੀ ਰਹੇਗੀ।



**ਪਰਵੀਨ ਕੌਰ ਸਿੱਧੂ**
8146536200

# "ਸਿੱਖ ਜਗਤ ਲਈ ਸ੍ਰੀ ਅਕਾਲ ਤਖਤ ਸਾਹਿਬ ਦਾ ਮਹੱਤਵ"

## ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਾਰੇ "ਸੇਵਾ ਨਿਯਮ" ਬਣਾਉਣਾ, ਕਿੰਨਾ ਕੁ ਘਾਤਕ ਹੋ ਸਕਦਾ ਹੈ ?

ਸ੍ਰੀ ਅਕਾਲ ਤਖਤ ਸਾਹਿਬ ਦੁਨੀਆਂ ਦਾ ਉਹ ਵਿਲੱਖਣ ਮੀਰੀ ਪੀਰੀ ਦਾ ਮਹਾਨ ਤਖਤ ਹੈ, ਜਿਸ ਦੇ ਹੁਕਮ ਦੁਨੀਆਂ ਵਿੱਚ ਵੱਸਦੇ ਹਰ ਇੱਕ ਸਿੱਖ ਨੂੰ ਮੰਨਣ ਵਿੱਚ ਮਾਣ ਮਹਿਸੂਸ ਹੁੰਦਾ ਰਿਹਾ ਹੈ। ਪਰ ਅਜੋਕੇ ਸਮੇਂ ਵਿੱਚ ਸਿੱਖ ਕੌਮ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਬਾਰੇ ਜੋ ਭੱਬਲਭੂਸਾ ਜਾ ਬੇਭਰੋਸਗੀ ਦਾ ਆਲਮ ਬਣਾਇਆ ਗਿਆ ਹੈ, ਇਹ ਸਿੱਖਾਂ ਦੀ ਸੁਤੰਤਰ ਹੋਂਦ ਲਈ ਬਹੁਤ ਘਾਤਕ ਸਾਬਤ ਹੋ ਸਕਦਾ ਹੈ, ਜੇ ਸਿੱਖ ਕੌਮ ਦੇ ਜਿਉਂਦੀ ਜਾਗਦੀ ਜਮੀਰ ਵਾਲੇ ਬੁੱਧੀਜੀਵੀਆਂ, ਸਾਹਿਤਕਾਰਾਂ, ਇਤਿਹਾਸਕਾਰਾਂ, ਕਾਨੂੰਨੀ ਘਾੜਿਆਂ ਜਾਂ ਧਾਰਮਿਕ ਆਗੂਆਂ ਨੇ ਇਸ ਦੀ ਆਜ਼ਾਦ ਅਤੇ ਮਹਾਨ ਹੋਂਦ ਨੂੰ ਕਾਇਮ ਰੱਖਣ ਲਈ ਕੋਈ ਹੰਬਲਾ ਨਾ ਮਾਰਿਆ! ਕਿਸੇ ਵੀ ਰਾਜਨੀਤਿਕ ਨੇਤਾ ਜਾਂ ਪਾਰਟੀ, ਭਾਵੇਂ ਉਹ ਸਿੱਖਾਂ ਨਾਲ ਹੀ ਸੰਬੰਧਿਤ ਕਿਉਂ ਨਾ ਹੋਵੇ, ਉਸ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਕਾਇਮ ਰੱਖਣ ਬਾਰੇ ਸੋਚਣਾ, ਸ਼ਾਇਦ ਸਿੱਖਾਂ ਲਈ ਸਿਆਣਪ ਨਹੀਂ ਹੋਵੇਗੀ! ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸਤਾ ਨੂੰ ਖੋਰਾ ਲਾਉਣ ਦਾ ਬੀੜਾ ਕੁਝ ਸਿੱਖ ਰਾਜਨੀਤਿਕ ਸ਼ਖਸ਼ੀਅਤਾਂ ਨੂੰ, ਉਹਨਾਂ ਸਿੱਖ ਵਿਰੋਧੀ ਗੈਰ ਸਿੱਖ ਸੰਸਥਾਵਾਂ ਵੱਲੋਂ, ਬੜੇ ਹੀ ਲੁਕਵੇਂ ਅਤੇ ਵਿਧੀਬਧ ਤਰੀਕੇ ਨਾਲ ਵਰਤੋਂ ਕਰਕੇ ਲਾਇਆ ਜਾਂਦਾ ਰਿਹਾ ਹੈ, ਜਿਸ ਦਾ ਖੁੱਲੇ ਰੂਪ ਵਿੱਚ ਕੁੱਝ ਪ੍ਰਗਟਾਵਾ ਅਜੋਕੇ ਸਮੇਂ ਵਿੱਚ ਹੋ ਗਿਆ ਹੈ।

2006 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਦੇ 400 ਸਾਲਾ ਸ਼ਤਾਬਦੀ ਸਮਾਰੋਹ ਨੂੰ ਮਨਾਉਂਦੇ ਹੋਏ, ਸਿੱਖਾਂ ਦੀ ਸਿਰਮੌਰ ਵਿਦਿਅਕ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ 30 ਜੂਨ, 2006 ਨੂੰ ਇੱਕ ਸੈਮੀਨਾਰ ਕਰਵਾਇਆ ਗਿਆ, ਜਿਸ ਦਾ ਪ੍ਰਧਾਨਗੀ ਭਾਸ਼ਣ ਉਸ ਸਮੇਂ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ। ਇਸ ਸਮਾਂਰੋਹ ਵਿੱਚ ਵੱਡੀ ਗਿਣਤੀ ਵਿੱਚ ਸਰੋਤਿਆਂ ਅਤੇ ਮੰਚ ਤੇ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੇ ਨਾਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵਕਤ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਮੱਕੜ, ਸਰਦਾਰ ਕਿਰਪਾਲ ਸਿੰਘ ਬਡੂੰਗਰ, ਸਰਦਾਰ ਸੁਖਦੇਵ ਸਿੰਘ ਭੌਰ ਅਤੇ ਸ ਹਰਨਾਮ ਸਿੰਘ ਧੁੰਮਾ ਵੀ ਸ਼ਾਮਿਲ ਸਨ। ਉਸ ਵਕਤ ਮੈਂ ਖਾਲਸਾ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਰਿਹਾ ਸੀ। ਮੈਨੂੰ ਇਹਨਾਂ ਸਾਰੀਆਂ ਮਹਾਨ ਸ਼ਖਸ਼ੀਅਤਾਂ ਦੀ ਮੌਜੂਦਗੀ ਵਿੱਚ ਆਪਣੇ ਵਿਚਾਰ ਇੱਕ ਪੇਪਰ, "ਸਿੱਖ ਜਗਤ ਲਈ ਸ੍ਰੀ ਅਕਾਲ ਤਖਤ ਸਾਹਿਬ ਦਾ ਮਹੱਤਵ" ਪੇਸ਼ ਕਰਕੇ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਅੱਜ ਉਸ ਉਪਰੋਕਤ ਪੇਪਰ ਦੀ ਹੂਬਹੂ ਕਾਪੀ ਪੇਸ਼ ਕਰ ਰਿਹਾ ਹਾਂ:

"ਸਿੱਖ ਜਗਤ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਹੱਤਵ: ਅਕਾਲ ਪੁਰਖ ਨੇ ਇਸ ਧਰਤੀ ਨੂੰ ਇਕ ਬਿਸਾਤ ਵਾਂਗ ਸਾਜਿਆ ਹੈ, ਜਿਸ ਉਪਰਲੇ 'ਦਿਵਸ-ਰਾਤ' ਦੇ ਕਾਲੇ ਚਿੱਟੇ ਖਾਨਿਆਂ ਵਿਚ ਸਾਰੀ ਸ੍ਰਿਸ਼ਟੀ ਦੀ ਖੇਡ ਚੱਲ ਰਹੀ ਹੈ। ਪੰਦਰਵੀਂ -ਸੋਲਵੀਂ ਸਦੀ ਦੌਰਾਨ ਜਦੋਂ ਬਾਬਰਕਿਆ ਦੇ ਟਾਕਰੇ ਲਈ ਬਾਬੇ-ਕਿਆਂ ਨੇ ਸੱਚ ਦਾ ਝੰਡਾ ਬੁਲੰਦ ਕੀਤਾ, ਤਾਂ ਮੁੜ ਉਹ ਅੱਜ ਤਕ ਝੁਕਿਆ ਨਹੀਂ, ਭਾਵੇਂ ਉਸ ਦੀ ਕਾਇਮੀ ਲਈ ਖ਼ੁਦ ਗੁਰੂ ਸਾਹਿਬਾਨ ਤੇ ਫਿਰ ਉਨ੍ਹਾਂ ਦੇ ਸਾਜੇ ਖ਼ਾਲਸਾ ਪੰਥ ਨੂੰ ਕਿੰਨੀਆਂ ਵੀ ਕੁਰਬਾਨੀਆਂ ਦੇਣੀਆਂ ਪਈਆਂ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰ-ਜਣਾ ਪਿੱਛੇ ਪ੍ਰਮੁੱਖ ਸੰਕਲਪ ਗੁਰਮਤਿ ਅਨੁਸਾਰੀ ਅਜਿਹੀ ਜੀਵਨ -ਜੁਗਤਿ ਨੂੰ ਦ੍ਰਿੜ੍ਹ ਕਰਵਾਉਣਾ ਸੀ, ਜਿਸ ਵਿਚ ਮੀਰੀ ਤੇ ਪੀਰੀ ਬਰਾਬਰੀ ਦਾ ਦਰਜਾ ਰਖਦੀਆਂ ਹਨ। ਗੁਰਮਤਿ ਦਰਸ਼ਨ ਨੇ ਮਾਨਵ ਦੀ ਆਤਮਿਕ ਆਜ਼ਾਦੀ ਨੂੰ ਕਦੇ ਵੀ ਸਾਮਾਜਿਕ ਆਜ਼ਾਦੀ ਤੋਂ ਵੱਖ ਕਰਕੇ ਨਹੀਂ ਵੇਖਿਆ। ਗੁਰੂ ਅਰਜਨ ਦੇਵ ਜੀ ਨੂੰ 'ਯਾਸਾ' ਦੇ ਕਾਨੂੰਨ ਤਹਿਤ ਤਸੀਹੇ ਦੇ ਕੇ ਸ਼ਹੀਦ ਕਰਦਿਆਂ ਸਿੱਖਾਂ ਅੰਦਰ ਜੋ ਦਹਿਤ ਫੈਲਾਉਣੀ ਚਾਹੀ ਸੀ, ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਸੇ ਦੇ ਟਾਕਰੇ ਤੇ ਇਕ ਅਜਿਹੇ 'ਸਵੈ-ਸਿੱਧ ਖ਼ਾਲਸਾ ਨਿਜ਼ਾਮ' ਦੀ ਨੀਂਹ, ਅਕਾਲ ਤਖ਼ਤ ਦੇ ਰੂਪ ਵਿਚ ਰੱਖ ਦਿੱਤੀ, ਜਿਸ ਦੀ ਸਰਪਰਸਤੀ ਹੇਠ ਜੀਊਣ ਵਾਲਾ ਕੋਈ ਪ੍ਰਾਣੀ ਵੀ 'ਆਕੀ' ਨਹੀਂ ਰਹਿੰਦਾ। ਕਿਉਂਕਿ ਉਸ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੇ ਨਹੀਂ ਸਗੋਂ ਸਿੱਧਾ ਅਕਾਲ ਪੁਰਖ ਦੇ ਮਤਹਿਤ ਕਰ ਦਿੱਤਾ ਗਿਆ ਹੈ। ਅਕਾਲ ਤਖ਼ਤ ਦੀ ਮਾਣ-ਮਰਯਾਦਾ ਨੂੰ ਬਹਾਲ ਰੱਖਣਾ ਅਤੇ ਇਸ ਦੇ ਹਰ ਉਦੇਸ਼ ਤੇ ਆਦੇਸ਼ ਉੱਪਰ ਸਖ਼ਤੀ ਨਾਲ ਪਹਿਰਾ ਦੇਣਾ, ਹਰ ਉਸ ਗੁਰਸਿੱਖ ਦਾ ਮੁੱਢਲਾ ਤੇ ਲਾਜ਼ਮੀ ਫ਼ਰਜ਼ ਹੈ, ਜੋ ਆਪਣੇ ਆਪ ਨੂੰ ਅਕਾਲ ਪੁਰਖ ਦੀ ਜੋਤ ਦਾ ਸਦੀਵੀ ਅੰਗ ਪ੍ਰਵਾਨਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਹੋ ਚੁੱਕੀ ਸੀ। ਪੰਗਤ ਤੇ ਸੰਗਤ ਦੀ ਪ੍ਰਥਾ ਦਾ ਕਾਇਮ ਹੋਣਾ ਸ਼੍ਰੀ ਗੁਰੂ ਨਾਨਕ ਵਲੋਂ ਦ੍ਰਿੜਾਏ 'ਧਰਮਸਾਲ' ਦੇ ਸੰਕਲਪ ਦੀ ਪੂਰਤੀ ਹੀ ਸੀ, ਪਰ ਜਦੋ ਧਰਮਸਾਲ ਵਿਚ ਹੁੰਦੇ ਇਲਾਹੀ ਕੀਰਤਨ ਅਤੇ ਦੈਵੀ ਗੁਣਾਂ ਵਾਲੀ ਪ੍ਰਭੁਸੱਤਾ ਵਿਚ, 'ਮੱਸਾ-ਰੰਘੜੀ ਸੋਚਾਂ' ਵਿਘਨ ਪਾਉਣ ਲੱਗ ਪੈਣ ਤਾਂ ਇਲਾਹੀ ਕੀਰਤਨ ਦੇ ਨਾਲ ਨਾਲ ਬੀਰ-ਰਸੀ ਵਾਰਾਂ ਦਾ ਢਾਡੀਆਂ ਰਾਹੀਂ ਗਾਇਨ ਵੀ ਲਾਜ਼ਮੀ ਹੋ ਜਾਂਦਾ ਹੈ, ਤਾਂ ਕਿ ਪੰਥ ਵਿਚ ਨਵੀਂ ਰੂਹ ਫੂਕੀ ਜਾ ਸਕੇ। ਛੇਵੇਂ ਪਾਤਸਾਹਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਥਾਪਨਾ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਉਜਾਗਰ ਕਰਕੇ ਇਹੋ ਅਹਿਮ ਕਾਰਜ ਸਰਅੰਜ਼ਾਮ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸ਼ਸਤਰਾਂ ਦੀ ਚੜ੍ਹਤ, ਸ਼ਾਸਤਰ ਦਾ ਅਦਬ ਅਤੇ ਸੰਗਤੀ ਇਕੱਠ ਵਿਚ, ਸਰਬੱਤ ਖਾਲਸਾ ਦੇ ਰੂਪ ਵਿਚ ਲਏ ਜਾਂਦੇ ਫੈਸਲੇ, ਇਹ ਦ੍ਰਿੜ੍ਹ ਕਰਵਾਉਂਦੇ ਹਨ ਕਿ ਇਸ ਦੀ ਵਿਉਤਬੰਦੀ ਤੇ ਕਾਰਜ-ਖੇਤਰ ਸ਼ਾਹੀ ਤਖ਼ਤਾਂ ਤੋਂ ਕਿਤੇ ਉਚੇਰਾ ਹੈ। ਇਹ ਸਿਰਫ਼ ਖੇਤਰੀ ਸਿੱਖਾਂ ਨੂੰ ਨਹੀਂ ਸਗੋਂ ਸਮੁੱਚੇ ਵਿਸ਼ਵ ਦੇ ਸਿੱਖ ਭਾਈਚਾਰੇ ਦੀਆਂ ਬਹੁ-ਪਰਤੀ ਤੇ ਬਹੁ-ਪੱਖੀ ਸਮੱਸਿਆਵਾਂ ਨੂੰ ਨਜਿੱਠਣ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ ਦਾ ਦਰ ਹੈ।

ਗੁਰੂ ਸਾਹਿਬ ਨੇ ਇਸ ਨੂੰ ਮਹਿਜ਼ ਇਕ ਇਮਾਰਤ ਦੇ ਰੂਪ ਵਿਚ ਨਹੀਂ ਬਲਕਿ ਸੰਸਥਾ ਦੇ ਰੂਪ ਵਿਚ ਸਥਾਪਤ ਕੀਤਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਐਨ ਸਨਮੁੱਖ ਹੁੰਦੇ ਹੋਏ ਵੀ ਇਸ ਦਾ ਰੁਖ ਪੂਰਬ ਵੱਲ ਹੈ। ਪ੍ਰਮੁੱਖ ਥੜ੍ਹੇ ਤੇ ਉਸ ਉਪਰ ਉਸਰੀ ਸਮੁੱਚੀ ਇਮਾਰਤ ਦੀ ਬਣਤਰ ਹੀ ਅਜਿਹੀ ਹੈ, ਜੋ ਸਪਸ਼ੱਟ ਕਰਦੀ ਹੈ ਕਿ ਖਾਲਸਾ ਨਿੱਤ ਚੜ੍ਹਦੀ ਕਲਾ ਦਾ ਅਰਦਾਸੀ ਹੈ। ਇਹੀ ਕਾਰਨ ਹੈ ਕਿ ਮੁਗ਼ਲ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਹੋਏ ਅਨੇਕਾਂ ਮਾਰੂ ਹਮਲਿਆਂ ਵਿਚ ਇਸ ਦੀ ਇਮਾਰਤ ਨੂੰ ਬੇਸ਼ਕ ਪੂਰੀ ਤਰ੍ਹਾਂ, ਤਹਿਸ ਨਹਿਸ ਕਰ ਦਿੱਤਾ ਗਿਆ ਪਰ ਇਸ ਦੀ ਕਾਰਜ ਸ਼ੈਲੀ, ਵਿਧੀ-ਵਿਧਾਨ, ਅਖ਼ਤਿਆਰਾਂ ਤੇ ਪ੍ਰਸ਼ਾਸਨੀ ਮਿਆਰਾਂ ਨੂੰ ਕੋਈ ਵੀ ਵੇਲਾ ਚਣੌਤੀ ਨਹੀਂ ਦੇ ਸਕਿਆ। ਸਿਰਫ਼ ਇਸੇ ਲਈ ਕਿ ਸਮੁੱਚੀ ਕੌਮ ਨੂੰ ਇਸ ਦੀ ਸਥਾਪਤੀ ਅਤੇ ਸਰਪਰਸਤੀ ਉਤੇ ਨਾਜ਼ ਹੈ। ਕਾਨੂੰਨ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਨੂੰ ਇਸ ਹਕੀਕਤ ਦੀ ਸਮਝ ਇਸੇ ਢੰਗ ਨਾਲ ਆਉਂਦੀ ਹੈ ਕਿ ਜਦੋਂ ਸੰਵਿਧਾਨ ਅਤੇ ਉਸ ਦੀਆਂ ਨਰੋਈਆਂ ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਵਾਲੇ ਕਾਇਮ ਹੋਣ ਤਾਂ ਫਿਰ ਇਮਾਰਤਾਂ ਦੇ ਢਾਂਚੇ ਭਾਵੇਂ ਕਿੰਨੇ ਵੀ ਰੂਪ ਵਟਾਉਂਦੇ ਰਹਿਣ, ਸੰਸਥਾਗਤ ਢਾਂਚੇ ਪੂਰੀ ਦ੍ਰਿੜ੍ਹਤਾ ਨਾਲ ਕਾਇਮ ਰਹਿੰਦੇ ਹਨ।

ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੁੰਦੇ ਹਰੇਕ ਹੁਕਮਨਾਮੇ ਤੇ ਇਕ ਮੋਹਰ ਲਗਦੀ ਹੈ, ਜਿਸ ਵਿਚ ਉਕਰੇ ਸ਼ਬਦ ਹਨ:-

ਦੇਗ਼ ਤੇਗ਼ ਫ਼ਤਹ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਫ਼ਾਰਸੀ ਦੇ ਇਨ੍ਹਾਂ ਸ਼ਬਦਾਂ ਤੋਂ ਭਾਵ ਹੈ ਕਿ ਲੰਗਰ ਚਲਦਾ ਰਹੇ ਅਤੇ ਤਲਵਾਰ ਦੁਆਰਾ ਫ਼ਤਹਿ ਪ੍ਰਾਪਤ ਹੁੰਦੀ ਰਹੇ, ਇਹ ਵਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਬੇਦਰੇਗ (ਯਾਅਨੀ ਅਮੁੱਕ ਤੇ ਨਿਧੜਕ ਸਹਾਇਤਾ) ਪ੍ਰਾਪਤ ਕੀਤਾ ਹੈ। ਖ਼ਾਲਸੇ ਨੇ ਇਕ ਸਿੱਕਾ ਸੰਨ 1765 ਈ: ਵਿਚ ਜਾਰੀ ਕੀਤਾ ਸੀ, ਜਿਸ ਉਪਰ ਇਹ ਸ਼ਬਦ ਉਕੱਰੇ ਸਨ। ਆਮ ਤੌਰ ਤੇ ਰਾਜੇ ਮਹਾਰਾਜੇ ਆਪਣੇ ਨਾਂ ਦਾ ਸਿੱਕਾ ਜਾਰੀ ਕਰਦੇ ਰਹੇ ਹਨ, ਇਹ ਸਿੱਕਾ ਅਕਾਲ ਪੁਰਖ ਦੀ ਅਖੰਡ ਅਤੇ ਅਤੁੱਟ ਬਖਸ਼ਿਸ਼ ਦਾ ਪ੍ਰਤੀਕ ਹੈ। ਇਸ ਲਿਹਾਜ਼ ਨਾਲ ਇਹ ਮੋਹਰ ਵੀ ਕਿਸੇ ਵਿਅਕਤੀ ਵਿਸ਼ੇਸ਼ ਦੀ ਨਹੀਂ ਸਗੋਂ ਅਕਾਲ ਪੁਰਖ ਦੀ ਸਰਵੁੱਚਤਾ ਤੇ ਸਵੈ-ਸੰਪਨਤਾ ਨੂੰ ਹੀ ਪ੍ਰਗਟਾਉਂਦੀ ਹੈ, ਜਿਸ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ' ਉਕਰਨ ਤੋਂ ਪਹਿਲਾਂ ਵਿਚਕ-ਾਰ "ਸ੍ਰੀ ਅਕਾਲ ਜੀ ਸਹਾਇ" ਉਕੱਰਿਆ ਹੋਇਆ ਹੈ। ਇਹ ਪ੍ਰਭੂਸੱਤਾ ਸੰਪਨ ਨਿਸ਼ਾਨ ਹੈ, ਜਿਸ ਅੱਗੇ ਪੂਰੀ ਸਿੱਖ ਕੌਮ ਬਿਨਾਂ ਸ਼ਰਤ ਸੀਸ ਝੁਕਾਉਦੀ ਹੈ।

ਕੋਈ ਵੇਲਾ ਸੀ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ 'ਸਰਬਰਾਹ' ਹੋਇਆ ਕਰਦਾ ਸੀ। ਵੇਲ੍ਹੇ ਦੇ ਫੇਰ ਬਦਲ ਵਿਚ ਇਹ ਲਫ਼ਜ਼ 'ਜਥੇਦਾਰ' ਬਣ ਗਿਆ। ਗਹੁ ਨਾਲ ਵਾਚੀਏ ਤਾਂ 1925 ਈ: ਵਿਚ ਬਣੇ ਸਿੱਖ ਗੁਰਦੁਆਰਾ ਐਕਟ ਵਿਚ ਕਿਧਰੇ ਵੀ 'ਜਥੇਦਾਰ' ਲਫਜ਼ ਦੀ ਹੋਂਦ ਨਹੀਂ ਹੈ। ਅੱਜ ਨਵੇਂ ਸਹਿਰਿਓਂ 'ਆਲ ਇੰਡੀਆ ਸਿੱਖ ਗੁਰਦੁਆਰਾ ਐਕਟ' ਬਣਾਉਣ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਦੇ ਸਰਬਰਾਹ ਜੋ ਕਿ ਕਿਸੇ ਦੁਨਿਆਵੀ ਜਾਂ ਸੰਵਿਧਾਨਿਕ ਕਾਨੂੰਨ ਤੋਂ ਬਹੁਤ ਉਚੇਰੇ ਅਤੇ ਇਖ਼ਲਾਕੀ ਤੌਰ ਤੇ ਏਨੇ ਸਵੈ-ਸਿੱਧ ਹਨ ਕਿ ਉਨ੍ਹਾਂ ਦੀ ਜੀਵਨ-ਜੁਗਤਿ ਹੀ ਉਨ੍ਹਾਂ ਦੀ ਸਰਵੁੱਚਤਾ ਦੀ ਗਵਾਹੀ ਹੈ, ਨੂੰ ਵੀ ਕੁਝ ਕੱਟੜਵਾਦੀ ਗ਼ੈਰ ਸਿੱਖ ਸੰਸਥਾਵਾਂ ਦੀਆਂ ਗਿਣੀਆਂ ਮਿੱਥੀਆਂ ਸਾਜ਼ਿਸ਼ਾਵਾਂ ਅਧੀਨ ਦੁਨਿਆਵੀ ਕਾਨੂੰਨ ਅਤੇ ਨਾਮ-ਨਿਹਾਦ ਯੋਗਤਾਵਾਂ ਦੇ ਸ਼ਿਕੰਜੇ ਵਿਚ ਕੱਸ ਕੇ, ਨੀਵਾਂ ਦਿਖਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੰਥ ਹਿਤੈਸ਼ੀਆਂ, ਬੁੱਧੀਜੀਵੀਆਂ ਤੇ ਕੌਮ-ਪ੍ਰਸਤ ਆਗੂਆਂ ਨੂੰ ਇਸ ਨਾਜ਼ੁਕ ਪਹਿਲੂ ਵੱਲ ਧਿਆਨ ਦੇਣ ਦੀ ਲੋੜ ਹੈ। ਜੇ ਇਹ ਅਮਲ ਕਿਸੇ ਤਰ੍ਹਾਂ ਵੀ ਨੇਪਰੇ ਚੜ੍ਹ ਗਿਆ ਤਾਂ ਇਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹੁਣ ਨਾਲੋਂ ਵੀ ਵੱਡਾ ਤੇ ਬੱਜਰ ਗੁਨਾਹ ਹੋਵੇਗਾ ਅਤੇ ਸਿੱਖ ਕੌਮ ਦੀ ਨਿਆਰੀ ਸ਼ਨਾਖ਼ਤ ਲਈ ਮਾਰੂ ਸਿੱਧ ਹੋਵੇਗਾ।

ਸਿੱਖ ਕੌਮ ਤਾਂ ਮੁੱਢੋਂ ਹੀ ਏਨੀ ਭੋਲੀ ਹੈ ਕਿ 'ਸਰਬੱਤ ਦੇ ਭਲੇ' ਦੀ ਲੋਚਾਂ ਵਿਚ ਉਨ੍ਹਾਂ ਵਰਗਾਂ ਕੋਲੋਂ ਆਪਣਾ ਆਪ ਕੁਹਾਉਂਦੀ ਆਈ ਹੈ, ਜਿਹੜੇ ਕਦੇ ਵੀ ਇਸ ਦੇ ਸਕੇ ਨਾ ਹੈ, ਨਾ ਸਨ, ਨਾ ਹੋਣੇ। ਤਿਲਕ ਜੰਞੂ ਦੀ ਰਾਖੀ ਲਈ ਕਸ਼ਮੀਰੀ ਪੰਡਿਤਾਂ ਦੀ ਇਕ ਪੁਕਾਰ ਤੇ ਆਪਣਾ ਸੀਸ ਵਾਰ ਦੇਣ ਵਾਲੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਮਗਰੋਂ ਉਨ੍ਹਾਂ ਦੀ ਦੇਹ ਸੰਭਾਲਣ ਵੇਲੇ, ਉਹ ਸਾਰੇ ਕਿਧਰ ਛਾਈਂ ਮਾਈਂ ਹੋ ਗਏ, ਜਿਨ੍ਹਾਂ ਖਾਤਰ ਕੁਰਬਾਨੀ ਦਿੱਤੀ ਗਈ ਸੀ? ਅੱਜ ਵੀ ਗੁਰੂ ਤੇਗ਼ ਬਹਾਦਰ ਨੂੰ 'ਹਿੰਦ ਦੀ ਚਾਦਰ' ਆਖ ਕੇ ਅਸੀਂ ਖ਼ੁਦ ਹੀ ਮਾਣ-ਮੱਤੇ ਹੁੰਦੇ ਆਏ ਹਾਂ। ਕੀ ਕਦੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਜਾਂ ਵਰਗਾਂ ਨੇ ਵੀ ਇਸ ਤੱਥ ਨੂੰ ਪ੍ਰਵਾਨਗੀ ਜਾਂ ਮਾਣ ਦਿੱਤਾ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਸਿੱਖ ਇਤਿਹਾਸ ਰਿਸਰਚ ਬੋਰਡ' ਵਲੋਂ 1965 ਈ: ਵਿਚ ਛਪੀ ਡਾ: ਗੰਡਾ ਸਿੰਘ ਦੁਆਰਾ ਸੰਪਾਦਿਤ ਪੁਸਤਕ, ਸ਼ੋਮਏ ਛੋਨਡਿਦਏਨਟਿਅਲ ਫਓਪਏਰਸ ੋਡ ਟਹਏ ਅਕਓਲਿ ੌਵਏਮਏਨਟ ("ਅਕਾਲੀ ਲਹਿਰ ਦੇ ਕੁਝ ਗੁਪਤ ਕਾਗਜ਼"),ਵਿਚ 1925 ਈ: ਦੇ ਸਿੱਖ ਗੁਰਦੁਆਰਾ ਐਕਟ ਉਪ ਸਿਰਲੇਖ ਹੇਠ ਇਹ ਤੱਥ ਹੋਰ ਵੀ ਸਪਸ਼ੱਟ ਰੂਪ ਵਿਚ ਦਰਜ ਹੈ, ਕਿ ਜਦੋਂ ਸਰ ਮੈਲਕਮ ਹੇਲੀ ਪੰਜਾਬ ਦਾ ਗਵਰਨਰ ਬਣ ਕੇ ਸਰ ਐਡਵਰਡ ਮੈਕਲਾਗਨ ਦੀ ਥਾਂ ਆਇਆ ਤਾਂ ਇਕ ਆਮ ਸਿਆਸਤਦਾਨ ਵਾਲਾ ਰੁਖ ਅਪਨਾਉਂਦਿਆ ਉਸ ਸਪਸ਼ਟ ਆਖਿਆ:

"ੀਹੇ ਦਏਲਓ ਟਹਏ ਭਿਲਲ ੳਨਦ ਲਏਟ ਟਹਏ ਘੋਵਏਰਨਮਏਨਟ ਗਏਟ ਟਹਏ ਬਲਓਮਏ. ਘਿਵਏ ਟ ਟੋ ਟਹਏਮ ੳਨਦ ੳਲਸੋ ਟਹਇਰ ਘੁਰਦਾਓਰਓਸ. ਠਹਏ ਾਿਲਲ ਟਹਏਨ ਤੁਓਰਰਏਲ ੳਮੋਨਗ ਟਹਏਮ-ਸਏਲਵਏਸ. ਠਹਏ ਘੋਵਏਰਨਮਏਨਟ ਾਿਲਲ ਬਏ ਡਰਏਏ ਟੋ ਦੋ ਸੋਮਏਟਹਿ-ਨਗ ਏਲਸਏ."

(ਉਨ੍ਹਾਂ ਕਿਹਾ ਕਿ ਬਿੱਲ 'ਚ ਦੇਰੀ ਕਿਉਂ ਕੀਤੀ ਜਾਵੇ ਅਤੇ ਸਰਕਾਰ ਨੂੰ ਦੋਸ਼ੀ ਕਿਉਂ ਠਹਿਰਾਇਆ ਜਾਵੇ। ਇਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਗੁਰਦੁਆਰਿਆਂ ਨੂੰ ਵੀ ਦੇ ਦਿਓ। ਫਿਰ ਉਹ ਆਪਸ ਵਿੱਚ ਝਗੜਾ ਕਰਨਗੇ। ਸਰਕਾਰ ਕੁਝ ਹੋਰ ਕਰਨ ਲਈ ਸੁਤੰਤਰ ਹੋਵੇਗੀ।)

ਸਪਸ਼ੱਟ ਹੈ ਕਿ ਉਹ "ਜਾਤ ਪਾਤ ਸਿੰਘਨ ਕੀ ਦੰਗਾ" ਵਾਲੇ ਤੱਥ ਤੋਂ ਜਾਣੂੰ ਸੀ। ਉਸ ਗੱਲ ਹੀ ਮੁਕਾ ਦਿੱਤੀ ਕਿ ਇਹ ਬਿੱਲ ਲੇਟ ਕਰਕੇ ਸਰਕਾਰ ਨੂੰ ਆਪਣੇ ਸਿਰ ਦੋਸ਼ ਲੈਣ ਦੀ ਲੋੜ ਹੀ ਕੀ ਹੈ। ਇਨ੍ਹਾਂ ਨੂੰ ਇਨ੍ਹਾਂ ਦੇ ਹਾਲ ਤੇ ਹੀ ਛੱਡ ਦਿਓ, ਇਹ ਆਪਸ ਵਿਚ ਹੀ ਲੜ ਲੜ ਮਰ ਜਾਣਗੇ.. ਕੀ ਉਸ ਦੀ ਇਹ ਭਵਿੱਖਬਾਣੀ ਅੱਜ ਤਕ ਦੁਨੀਆਂ ਭਰ ਦੇ ਗੁਰਦੁਆਰਿਆਂ ਦੀਆਂ ਸਥਾਨਕ ਕਮੇਟੀਆਂ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਵਿਵਾਦਾਂ ਤਕ ਸੱਚ ਸਿੱਧ ਨਹੀਂ ਹੋ ਰਹੀ? ਜਿਸ ਵਿਚੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਫਿਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਫਿਰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੁਣ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਉਜਾਗਰ ਹੋ ਰਹੀਆਂ ਹਨ।

ਜੇ ਸਮੁੱਚੇ ਵਿਸ਼ਵ ਵਿੱਚ ਫੈਲਿਆ ਸਿੱਖ ਪੰਥ ਹਕੀਕੀ ਰੂਪ ਵਿਚ ਮੀਰੀ ਪੀਰੀ ਦੇ ਸਿਧਾਂਤ ਦਾ ਜ਼ਾਮਨ ਹੈ ਅਤੇ ਆਪਣੀ ਰਾਜਨੀਤੀ ਨੂੰ ਧਰਮ ਦੇ ਮਾਤਹਿਤ ਚਲਾਉਂਦਾ ਹੈ ਤਾਂ ਦਿਨੋਂ ਦਿਨ ਇਹ ਨੌਬਤ ਕਿਉਂ ਆ ਰਹੀ ਹੈ? ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਵਿੱਤਰ ਸਿਰਜਣਾ ਦਿਵਸ ਦੀ ਚੌਥੀ ਸ਼ਤਾਬਦੀ ਨੂੰ ਸਮਰਪਤ ਇਸ ਸੈਮੀਨਾਰ ਦੇ, ਇਸ ਜ਼ਿੰਮੇਵਾਰ ਤੇ ਪੰਥਕ ਸੋਚ ਵਾਲੇ ਮੰਚ ਤੋਂ ਇਹ ਅਹਿਦ ਕੀਤਾ ਜਾਣਾ ਜ਼ਰੂਰੀ ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਤੋਂ ਵਰੋਸਾਈ ਜਿਸ ਦ੍ਰਿਸ਼ਟੀ ਸੰਗ ਇਸ ਤਖ਼ਤ ਦੀ ਸਥਾਪਨਾ ਕੀਤੀ ਸੀ ਉਸ ਵਿਚੋਂ

ਆਪੇ ਸਿਧ ਸਾਧਿਕ ਵੀਚਾਰੀ॥
ਆਪੇ ਰਾਜਨੁ ਪੰਚਾ ਕਾਰੀ॥
ਤਖਤਿ ਬਹੈ ਅਦਲੀ ਪ੍ਰਭੁ ਆਪੇ
ਭਰਮੁ ਭੇਦੁ ਭਉ ਜਾਈ ਹੇ॥ (ਮਾਰੂ ਮਹਲਾ 1, ਅੰਗ 1022)

ਵਾਲੀ ਮੁਬਾਰਕ ਭਾਵਨਾ ਉਜਾਗਰ ਹੋਣੀ ਲਾਜ਼ਮੀ ਹੈ। ਅਕਾਲ ਤਖ਼ਤ ਤੋਂ ਜਾਰੀ ਕਿਸੇ ਵੀ ਫ਼ੁਰਮਾਣ ਨੂੰ ਜੇ ਸੰਗਤ ਅਕਾਲ ਪੁਰਖ ਦਾ ਫ਼ੁਰਮਾਣ ਜਾਣ ਕੇ ਸੀਸ ਝੁਕਾਉਂਦੀ ਹੈ ਤਾਂ ਫਿਰ

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ।
ਸਹਸਾ ਭਰਮੁ ਚੁਕਾਇਆ॥ (-ਮਾਰੂ ਮਹਲਾ 1, ਅੰਗ 1039)

ਵਾਲੀ ਭਾਵਨਾ ਵੀ ਕਾਇਮ ਰਹਿਣੀ ਚਾਹੀਦੀ ਹੈ। ਅਕਾਲ ਤਖ਼ਤ ਉੱਤੇ ਬਹਿ ਕੇ ਅਕਾਲ ਪੁਰਖ ਤੋਂ ਵਰੋਸਾਈ ਸੋਚ ਤੇ ਪਹਿਰਾ ਦੇਣ ਵਾਲੀ ਸ਼ਖ਼ਸੀਅਤ ਉਪਰ ਕਿਸੇ ਨੂੰ 'ਸੰਸਾ' ਜਾ 'ਭਰਮ' ਨਹੀਂ ਵਿਆਪਣਾ ਚਾਹੀਦਾ ਕਿ ਉਸ ਦੇ ਨਿਰਣੇ ਵਿਅਕਤੀਗਤ ਹਨ। ਕਿਉਂਕਿ 'ਤਖਤਿ ਸਲਾਮ ਹੋਵੈ ਦਿਨ ਰਾਤੀ' ਮੁਤਾਬਿਕ ਸਿੱਖ ਕੌਮ ਦਾ ਸਲਾਮ ਤਾਂ ਤਖ਼ਤ ਨੂੰ ਹੈ, ਉਸ ਦੇ ਸਰਬਰਾਹ ਦੀ ਜ਼ਾਤ ਨੂੰ ਨਹੀਂ, ਉਸ ਅੰਦਰ ਵਿਆਪਦੀ ਅਬਚਲੀ ਜੋਤ ਵਿਚੋਂ ਉਜਾਗਰ ਹੋਣ ਵਾਲੀ ਜੀਵਨ-ਜੁਗਤਿ ਨੂੰ ਹੈ, ਜਿਸ ਵਿਚੋਂ ਪੂਰੀ ਕੌਮ ਜੀਉਂਦੇ ਜੀਅ ਮੁਕਤ ਹੋਣ ਦਾ ਰਾਹ ਭਾਲਦੀ ਹੈ। ਸਮੁੱਚੀ ਸਿੱਖ ਕੌਮ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹੋ ਮਹੱਤਵ ਹੈ।"

ਇਸ ਲੇਖ ਨੂੰ ਪੜ੍ਹਨ ਤੋਂ ਬਾਅਦ ਸ਼ਾਇਦ ਤੁਸੀਂ ਅੰਦਾਜ਼ਾ ਲਾ ਲਵੋਂਗੇ ਕਿ ਜੋ ਕੁਝ ਅੱਜ ਵਾਪਰ ਰਿਹਾ ਹੈ, ਉਸ ਦਾ ਖਦਸ਼ਾ ਮੈਂ 2006 ਵਿੱਚ ਇਸ ਪੇਪਰ ਰਾਹੀਂ ਕਰ ਦਿੱਤਾ ਸੀ।

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਾਰੇ "ਸੇਵਾ ਨਿਯਮ" ਬਣਾਉਣਾ, ਕਿੰਨਾ ਕੁ ਘਾਤਕ ਹੋ ਸਕਦਾ ਹੈ? ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਾਰੇ ਸੇਵਾ ਨਿਯਮ ਬਣਾਉਣਾ, ਕੀ ਕਾਨੂੰਨ ਪੱਖੋਂ ਜਾਇਜ਼ ਹੋਵੇਗਾ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ,1925 ਅਧੀਨ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ? ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ "ਨੌਕਰ" ਬਣਾਏ ਜਾਣਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਉਣ ਬਰਾਬਰ ਨਹੀਂ ਹੋਵੇਗਾ? ਇਹਨਾਂ ਸਾਰੇ ਮਹੱਤਵਪੂਰਨ ਵਿਸ਼ੇ ਵਿਸ਼ਿਆਂ ਤੇ ਮੈਂ ਅਪਣੇ ਵਿਚਾਰ ਆਪ ਜੀ ਨਾਲ ਅਗਲੇ ਲੇਖ ਵਿੱਚ ਸਾਂਝੇ ਕਰਾਂਗਾ।



**ਡਾ: ਦਲਜੀਤ ਸਿੰਘ,**
**ਐਲ ਐਲ.ਐਮ.**
**ਪੀਐਚ.ਡੀ,**
**ਸਾਬਕਾ ਪ੍ਰਿੰਸੀਪਲ,**
**ਖਾਲਸਾ ਕਾਲਜ**
**ਅੰਮ੍ਰਿਤਸਰ**
**ਅਤੇ ਲਾਅ ਪ੍ਰੋਫੈਸਰ,**
**ਜੀ.ਐਨ.ਡੀ.ਯੂ;**
**ਵਾਈਸ ਚਾਂਸਲਰ.**
**ਰਿਆਤ ਬਾਹਰਾ**
**ਯੂਨੀਵਰਸਿਟੀ, ਮੋਹਾਲੀ**

# ਪ੍ਰੋਫੈਸਰ ਡਾ. ਰਾਜਿੰਦਰਪਾਲ ਸਿੰਘ ਬਰਾੜ ਅਤੇ ਪ੍ਰੋਫੈਸਰ ਡਾ. ਚਰਨਜੀਤ ਕੌਰ ਬਰਾੜ ਜੀ ਤਰਕਸ਼ੀਲ ਸੁਸਾਇਟੀ ਬ੍ਰਿਟੇਨ ਦੇ ਬਰਮੀਘੰਮ ਦਫਤਰ ਸੁਸਾਇਟੀ ਦੇ ਕਾਰਕੁਨਾਂ ਨੂੰ ਮਿਲਣ ਪਹੁੰਚੇ




**ਖੜ੍ਹੇ (ਖੱਬੇ ਪਾਸੇ ਤੋਂ) ਤਾਰੀ ਅਟਵਾਲ, ਜਸਵਿੰਦਰ ਰੱਤੀਆਂ, ਭਗਵੰਤ ਸਿੰਘ, ਸੁਖਵਿੰਦਰ ਕੰਦੋਲਾ ਅਤੇ ਸੁਰਿੰਦਰਪਾਲ ਵਿਰਦੀ ਬੈਠੇ - ਸੱਚਦੇਵ ਵਿਰਦੀ, ਸ੍ਰੀਮਤੀ ਰੱਤੀਆਂ, ਡਾ. ਚਰਨਜੀਤ ਬਰਾੜ, ਡਾ. ਰਾਜਿੰਦਰਪਾਲ ਬਰਾੜ, ਕਮਲਜੀਤ ਸਿੰਘ, ਮੱਖਣ ਢਿੱਲੋਂ ਅਤੇ ਗੁਰਦਿਆਲ ਖੁਸ਼ਦਿਲ।**

**ਸਮਾਜ ਵੀਕਲੀ ਯੂ ਕੇ- ਬਰਮੀਘੰਮ-** ਬੀਤੇ ਕੱਲ ਪ੍ਰੋਫੈਸਰ ਡਾ. ਰਾਜਿੰਦਰਪਾਲ ਸਿੰਘ ਬਰਾੜ ਅਤੇ ਪ੍ਰੋਫੈਸਰ ਡਾ. ਚਰਨਜੀਤ ਕੌਰ ਬਰਾੜ ਜੀ ਖਾਸ ਉੱਦਮ ਕਰਕੇ ਤਰਕਸ਼ੀਲ ਸੁਸਾਇਟੀ ਦੇ ਕਾਰਕੁਨਾਂ ਨੂੰ ਮਿਲਣ ਸੁਸਾਇਟੀ ਦੇ ਬਰਮੀਘੰਮ ਦਫਤਰ ਆਏ। ਤਰਕਸ਼ੀਲ ਸੁਸਾਇਟੀ ਬ੍ਰਿਟੇਨ ਦੇ ਪ੍ਰਧਾਨ ਸੱਚਦੇਵ ਵਿਰਦੀ ਜੀ ਨੇ ਉਹਨਾਂ ਨੂੰ ਜੀ ਆਇਆਂ ਕਿਹਾ।

ਦੋਵੇਂ ਡਾ. ਰਾਜਿੰਦਰਪਾਲ ਜੀ ਅਤੇ ਡਾ. ਚਰਨਜੀਤ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਲੰਬੇ ਅਰਸੇ ਤੱਕ ਅਧਿਆਪਨ ਦੇ ਕਿੱਤੇ ਨਾਲ ਜੁੜੇ ਰਹੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਦੀ 1984 ਵਿੱਚ ਸਥਾਪਨਾ ਦੇ ਦਿਨਾਂ ਤੋਂ ਹੀ ਉਹ ਤਰਕਸ਼ੀਲ ਸੁਸਾਇਟੀ ਅਤੇ ਤਰਕਸ਼ੀਲ ਲਹਿਰ ਦੀ ਉਸਾਰੀ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ ਅਤੇ ਅੱਜ ਵੀ ਉਹ ਆਪਣਾ ਬਣਦਾ ਰੋਲ ਨਿਭਾਅ ਰਹੇ ਹਨ। ਡਾ. ਰਾਜਿੰਦਰਪਾਲ ਜੀ ਦੇ ਲੇਖ ਅਕਸਰ ਤਰਕਸ਼ੀਲ ਮੈਗਜ਼ੀਨ ਵਿੱਚ ਛਪਦੇ ਰਹਿੰਦੇ ਹਨ।

ਉਹਨਾਂ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਪਨਾ ਅਤੇ ਲੋੜ ਬਾਰੇ ਹਾਜ਼ਰ ਮੈਂਬਰਾਂ ਨਾਲ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਦੱਸਿਆ ਕਿ ਪੰਜਾਬ ਵਿੱਚ ਤ ਰ ਕ ਸ਼ੀ ਲ ਸੁਸਾਇਟੀ ਦੀ ਸਥਾਪਨਾ ਉਹਨਾਂ ਦਿਨਾਂ ਵਿੱਚ ਹੋਈ ਜਿਹਨਾਂ ਦਿਨਾਂ ਵਿੱਚ ਸਿਆਸੀ ਅਸਥਿਰਤਾ ਅਤੇ ਧਾਰਮਿਕ ਕੱਟੜਵਾਦ ਦਾ ਦੈਂਤ ਦਨਦਨਾਉਂਦਾ ਫਿਰ ਰਿਹਾ ਸੀ। ਇਹਨਾਂ ਦਿਨਾਂ ਵਿੱਚ ਸੁਸਾਇਟੀ ਦੇ ਕੰਮਾਂ ਨੂੰ ਅੱਗੇ ਤੋਰਨਾ ਬਹੁਤ ਹੀ ਜੋਖਮ ਭਰਿਆ ਕੰਮ ਸੀ। ਉਹਨਾਂ ਬੜੇ ਮਾਣ ਨਾਲ ਦੱਸਿਆ ਕਿ ਤਰਕਸ਼ੀਲ ਮੇਲਿਆਂ, ਨਾਟਕਾਂ ਅਤੇ ਤਰਕਸ਼ੀਲ ਸਾਹਿਤ ਨੇ ਪੰਜਾਬੀ ਚੇਤਨਾ ਵਿੱਚ ਵਹਿਮਾਂ-ਭਰਮਾਂ ਅਤੇ ਬਾਬਿਆਂ ਦੀਆਂ ਕਰਾਮਾਤਾਂ ਦੇ ਖ਼ਿਲਾਫ਼ ਕਾਫੀ ਜਾਗਰਤੀ ਪੈਦਾ ਕੀਤੀ ਹੈ। ਉਹਨਾਂ ਨੇ ਆਉਣ ਵਾਲੇ ਸਮੇਂ ਵਿੱਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਜਿਵੇਂ ਕਿ ਆ ਰ ਟੀ ਫੀ ਸ਼ ਲ ਇੰਨਟੈਲੀਜੈਂਸ। ਆਪਣੇ ਲੇਖ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਇਸ ਤੋਂ ਡਰਨ ਦੀ ਲੋੜ ਨਹੀਂ ਹੈ ਬਲਕਿ ਸਾਨੂੰ ਇਸ ਬਾਰੇ ਡੂੰਘੀ ਜਾਣਕਾਰੀ ਪੈਦਾ ਕਰਨੀ ਚਾਹੀਦੀ ਹੈ।

ਡਾ. ਚਰਨਜੀਤ ਜੀ ਨੇ ਔਰਤ ਦੇ ਤਰਕਸ਼ੀਲ ਹੋਣ ਦਾ ਬਾ-ਜਾਤੇ ਖੁਦ, ਪਰਿਵਾਰ ਅਤੇ ਸਮਾਜ ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਕਿਵੇਂ ਉਹ ਆਪਣੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੋਚ ਅਪਣਾਉਣ ਬਾਰੇ ਸਿਖਾਉਂਦੇ ਰਹੇ ਹਨ ਅਤੇ ਕਿਵੇਂ ਉਹਨਾਂ ਨੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਕਰਕੇ ਸਿਹਤ, ਪਰਿਵਾਰ ਅਤੇ ਸਮਾਜ ਤੇ ਪੈਣ ਵਾਲੀਆਂ ਸਮੱਸਿਆਵਾਂ ਦੇ ਹੱਲ ਕੀਤੇ। ਇਹਨਾਂ ਹੱਲਾਂ ਕਰਕੇ ਪ੍ਰਭਾਵਿਤ ਔਰਤਾਂ ਦੀ ਦਸ਼ਾ ਜਿਉਣ ਯੋਗ ਹੋਈ ਅਤੇ ਪਰਿਵਾਰ ਬਾਬਿਆਂ ਦੁਆਰਾ ਕੀਤੀ ਜਾਂਦੀ ਲੁੱਟ ਤੋਂ ਬਚੇ।

ਤਰਕਸ਼ੀਲ ਸੁਸਾਇਟੀ ਬ੍ਰਿਟੇਨ ਦੇ ਪ੍ਰਧਾਨ ਸੱਚਦੇਵ ਵਿਰਦੀ ਜੀ ਅਤੇ ਭਗਵੰਤ ਸਿੰਘ ਜੀ ਨੇ ਇਥੋਂ ਦੀ ਸੁਸਾਇਟੀ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਦੇ ਕੰਮਾਂ, ਚੁਣੌਤੀਆਂ ਅਤੇ ਸਫਲਤਾ ਪੂਰਵਕ ਨੇਪਰੇ ਚਾੜ੍ਹੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਮਹਿਮਾਨਾਂ ਨਾਲ ਸਾਂਝੀ ਕੀਤੀ। ਭਗਵੰਤ ਸਿੰਘ ਜੀ ਨੇ ਦੱਸਿਆ ਕਿ ਸੁਸਾਇਟੀ ਨੇ ਖੂਨ ਅਤੇ ਅੰਗ ਦਾਨ ਕਰਨ ਲਈ ਪ੍ਰੋਜੈਕਟ ਚਲਾਇਆ ਅਤੇ ਸੈਂਕੜੇ ਲੋਕਾਂ ਨੇ ਖੂਨ ਅਤੇ ਅੰਗ ਦਾਨ ਕਰਨ ਲਈ ਆਪਣੇ ਫਾਰਮ ਭਰ ਕੇ ਦਿੱਤੇ। ਇਸੇ ਪ੍ਰੋਜੈਕਟ ਤਹਿਤ ਖੂਨ ਅਤੇ ਅੰਗ ਦਾਨ ਨਾਲ ਜੁੜੀਆਂ ਗਲਤ ਫ਼ਹਿਮੀ ਤੇ ਅਧਾਰਿਤ ਧਾਰਨਾਵਾਂ ਨੂੰ ਵੀ ਮੁਖਾਤਿਬ ਹੋਏ ਜਿਸ ਨਾਲ ਏਸ਼ੀਅਨ ਭਾਈਚਾਰੇ ਦੀ ਖੂਨ ਅਤੇ ਅੰਗ ਦਾਨ ਕਰਨ ਦੀ ਸ਼ਮੂਲੀਅਤ ਵਧੀ।

ਸੱਚਦੇਵ ਵਿਰਦੀ ਜੀ ਨੇ ਦੱਸਿਆ ਕਿ ਸੁਸਾਇਟੀ ਨੇ The Unfiar Commerical Pracitces iDrecitve (2005/29/EC) ਦਾ ਕਾਫੀ ਪ੍ਰਚਾਰ ਪ੍ਰਸਾਰ ਕੀਤਾ। ਇਸ ਡਾਇਰੈਕਟਵ ਦੇ ਆਉਣ ਨਾਲ ਪਹਿਲੀ ਵਾਰ ਬਾਬਿਆਂ, ਟੂਣੇ-ਟਾਮਣ ਕਰਨ ਵਾਲੇ, ਪੁੱਛਾਂ ਦੇਣ ਵਾਲੇ, ਮੰਤਰਾਂ, ਅਰਦਾਸਾਂ ਨਾਲ ਹਰ ਬੀਮਾਰੀ ਅਤੇ ਪਰੇਸ਼ਾਨੀ ਦਾ ਹੱਲ ਕਰਨ ਵਾਲਿਆਂ ਦੀ ਲੁੱਟ ਦਾ ਕਾਨੂੰਨੀ ਉਪਾਅ ਲੋਕਾਂ ਨੂੰ ਮੁਹੱਈਆ ਹੋਇਆ।

ਇਸ ਮਿਲਣੀ ਵਿੱਚ ਤਾਰੀ ਅਟਵਾਲ, ਜਸਵਿੰਦਰ ਰੱਤੀਆਂ, ਭਗਵੰਤ ਸਿੰਘ, ਸੁਖਵਿੰਦਰ ਕੰਦੋਲਾ, ਸੁਰਿੰਦਰਪਾਲ ਵਿਰਦੀ, ਸੱਚਦੇਵ ਵਿਰਦੀ, ਸ੍ਰੀਮਤੀ ਰੱਤੀਆਂ, ਡਾ. ਚਰਨਜੀਤ ਬਰਾੜ, ਡਾ. ਰਾਜਿੰਦਰਪਾਲ ਬਰਾੜ, ਕਮਲਜੀਤ ਸਿੰਘ, ਡਾ. ਹਰੀਸ਼ ਮਲਹੋਤਰਾ, ਧਰਮ ਚੰਦ ਮਹੇ, ਮੱਖਣ ਢਿੱਲੋਂ ਅਤੇ ਗੁਰਦਿਆਲ ਖੁਸ਼ਦਿਲ ਜੀ ਨੇ ਸ਼ਿਰਕਤ ਕੀਤੀ। ਇਹ ਮੁਲਾਕਾਤ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਯਾਦਗਾਰੀ ਹੋ ਨਿੱਬੜੀ। ਡੇਢ ਕੁ ਘੰਟੇ ਦੀ ਮਿੱਥੀ ਮਿਲਣੀ ਕਦੋਂ ਚਾਰ ਘੰਟਿਆਂ 'ਚ ਬਦਲ ਗਈ ਮਹਿਮਾਨਾਂ ਅਤੇ ਮੇਜ਼ਬਾਨਾਂ ਨੂੰ ਪਤਾ ਹੀ ਨਹੀਂ ਲੱਗਾ।

जय भीम



जय भारत



बहन कु. मायावती जी
राष्ट्रीय अध्यक्ष
बहुजन समाज पार्टी
पूर्व सांसद व पूर्व मुख्यमंत्री, उत्तर प्रदेश

# बहुजन समाज पार्टी

के तत्वावधान

## सैक्टर स्तरीय समीक्षा सम्मेलन

विधानसभा अलवर ग्रामीण जिला अलवर



मा. रामजी गौतम जी
राज्यसभा सांसद
नेशनल कॉर्डिनेटर बसपा

दिनांक : 05 अगस्त, 2025, मंगलवार

| प्रातः 11.00 बजे | सायं :03.00 बजे |
|---|---|
| स्थान : राव मेरिज होम<br>चरणदास मंदिर के पास कस्बा डहरा<br>जिला – अलवर | स्थान : ग्राम सावडी<br>अकबरपुर, जिला – अलवर |



मा. आकाश आनन्द
मुख्य नेशनल कोऑर्डिनेटर बसपा



मा. नर्बदा प्रसाद अहीरवार
केन्द्रीय स्टेट कॉर्डिनेटर राजस्थान



मा. भगवान सिंह बाबा
केन्द्रीय स्टेट कॉर्डिनेटर राजस्थान



मा. प्रेम बारूपाल
प्रदेश अध्यक्ष राज

मुख्य अतिथि : मा. नर्बदा प्रसाद अहिरवार (केंद्रीय स्टेट कोऑर्डिनेटर राजस्थान)
मा. भगवान सिंह बाबा (केंद्रीय स्टेट कोऑर्डिनेटर राजस्थान)
मा. एड. प्रेम बारुपाल (प्रदेश अध्यक्ष बसपा राजस्थान)

विशिष्ठ अतिथि : मा. एडवोकेट रामजीवन बौद्ध (जोन प्रभारी अलवर)
मा. मैना बौद्ध (जिला प्रभारी अलवर)
मा. खेमचन्द जाटव (जिला प्रभारी अलवर)
मा. इन्द्र कुमार बौद्ध (पूर्व जिला अध्यक्ष, अलवर)
मा. जे.पी. रघुवंशी (जिला उपाध्यक्ष अलवर)
मा. सुरेश पास्टर (जिला महासचिव अलवर)
मा. मनोज गौतम (जिला सचिव अलवर)
मा. प्रेमचन्द (जिला कोषाध्यक्ष अलवर)
मा. राजेश कुमार (BVF संयोजक)

अध्यक्षता : मा. कमरचन्द अलवरिया (जिला अध्यक्ष अलवर)

## नई उम्मीदों का साथी, बी.एस.पी. का हाथी

नरेन्द्र विधान सभा अध्यक्ष ग्रामीण, रामसिंह उपाध्यक्ष, रूकमणि प्रभारी, मजलस प्रभारी, रामजीलाल सचिव, दुलीचन्द कोषाध्यक्ष, भोलीदेवी महिला संयोजक, सुनेरा सहसंयोजक, पिंकी, नरेश कुमार विजेंद्र धर्म सिंह, रवि कुमार, मुकेश, जगपाल, जोगेंद्र वर्मा, ओम प्रकाश, रमेश, विक्रम, बालकिशन, शेर सिंह, राकेश, चंदू लाल, सुभाष, हनीफ कंवर सिंह, लेखराज, शहरन, जितेंद्र, अजय, महेश, नीरज, शिवलाल, संदीप, दुलीचंद, शकील, अमरीत, जुबेर, ओम प्रकाश सैनी, कजोड़ प्रजापति, भगवान, फूल सिंह, रूड़ा राम पंच, रामसिंह, अशोक, परमल, कपिल, नरेंद्र, अमजद, सोनलाल, लालचंद पूर्व MPS, नीरज, जेकी वर्मा, सीताराम, देवेंद्र, दिनेश, जयसिंह, राजेंद्र, रवि, योगेश, अरुण, नरेश, दीपक, राहुल, गुरुदयाल, प्रकाश, जगदीश, सुशीला, फकरुद्दीन, योगेश गुर्जर, जलेसिंह, कान सिंह यादव, रवि, राजेंद्र, घनश्याम जांगड़ा, प्रताप सिंह, सलमान खान, बारिश साहब, जाकर, साबिर, रूपेश ,अर्जुन, सत्यवान ,रामफल ,अजय, सूरज, धरमू, नवीन, भगवान, मोहन लाल, मनोज, नेतराम

**निवेदक : बहुजन समाज पार्टी ईकाई विधानसभा अलवर ग्रामीण**
**मो. 9460915596, 8529745878**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com